੨੭ ਵਾਂ ਸਾਲ

# ਵਰਿਆਮ

ਸਤੰਬਰ, ੨੦੦੨



ਚੰਗੇ ਬੁਰੇ ਨੂੰ ਕੋਮਲ ਲੀਕਾਂ 'ਤੇ ਤੋਲਦੀ ਏ,
ਖ਼ਾਮੋਸ਼ ਚਿੱਤਰਾਂ 'ਚੋਂ ਤਹਿਜ਼ੀਬ ਬੋਲਦੀ ਏ।

–ਬਾਵਾ ਬਲਵੰਤ

Sri Satguru Jagjit Singh Ji eLibrary NamdhariElibrary@gmail.com



ਸ. ਗੁਰਮੁਖ ਸਿੰਘ ਸੁਰਧਾਰ ਸਪੁਤਰ ਸੰਤ ਸੁਰਜੀਤ ਸਿੰਘ ਸੁਰਧਾਰ ਬਰਮਿੰਘਮ ਯੂ. ਕੇ. ਦਾ ਸ਼ੁਭ ਅਨੰਦ ਕਾਰਜ ਬੀਬੀ ਨੈਨਜੋਤ ਕੌਰ ਸਪੁਤਰੀ ਸਵ. ਸ. ਬਸ਼ੇਸ਼ਰ ਸਿੰਘ ਮਠਾੜੂ (ਬੱਲੋ ਜੀ) ਨਾਲ ੯ ਜੂਨ ੨੦੦੨ ਨੂੰ ਸ੍ਰੀ ਭੈਣੀ ਸਾਹਿਬ ਵਿਚ ਹੋਇਆ।



ਬੀਬੀ ਸ਼ਰਨਦੀਪ ਕੌਰ ਸਪੁਤਰੀ ਸ. ਅਮਰੀਕ ਸਿੰਘ ਨਾਮਧਾਰੀ (ਏ. ਏ. ਈ.) ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਬੀ. ਏ. ਭਾਗ ਦੂਜਾ ਦੀ ਪ੍ਰੀਖਿਆ ਵਿਚ ੧੧੩੨/੧੬੦੦ ਨੰਬਰ ਲੈ ਕੇ ਕੰਨਿਆ ਮਹਾਂ ਵਿਦਿਆਲਾ ਜਲੰਧਰ ਵਿਚ ਦੂਜਾ ਤੇ ਯੂਨੀਵਰਸਿਟੀ ਵਿਚ ਮੈਰਿਟ ਸਥਾਨ ਪ੍ਰਾਪਤ ਕੀਤਾ।



ਸੰਗੀਤਕਾਰ ਉਸਤਾਦ ਤਾਰਾ ਸਿੰਘ ਹਜ਼ੂਰੀ ਰਾਗੀ ਜੋ ੧੪ ਜੁਲਾਈ, ੨੦੦੨ ਨੂੰ ਸਦੀਵੀ ਵਿਛੋੜਾ ਦੇ ਗਏ ਹਨ।

Sri Satguru Jagjit Singh Ji eLibrary NamdhariElibrary@gmail.com

https://archive.org/details/namdhari


# ਵਰਿਆਮ

ਸਤੰਬਰ-੨੦੦੨

ਜਿਲਦ-੨੭

ਅੰਕ-੧੧

**ਸੰਪਾਦਕ**
ਜਗਦੀਸ਼ ਸਿੰਘ 'ਵਰਿਆਮ'



**ਦਫਤਰ ਦਾ ਪਤਾ:**
ਮਾਸਿਕ ਵਰਿਆਮ
ਲਾਡੋਵਾਲੀ ਰੋਡ
(ਸਾਹਮਣੇ ਸੈਂਟਰਲ ਟਾਊਨ)
ਜਲੰਧਰ- ੧੪੪੦੦੧
ਫੋਨ-ਦਫਤਰ : ੨੨੨੫੪੩
ਘਰ : ੪੫੬੨੮੯

**Office Address :**
Monthly WARIAM
(Punjabi)
Ladowali Road.
Opp. Central Town,
Jalandhar-144001
Ph. : 222543 (O)
456289 (R)



## ਵਰਿਆਮ ਦੇ ਦਰ

| | |
|---|---|
| ਇਹ ਅੰਕ | ੧੫-੦੦ |
| ਸਲਾਨਾ ਚੰਦਾ | ੧੫੦-੦੦ |
| ਪੰਜ ਸਾਲ ਲਈ | ੫੦੦-੦੦ |
| ਜੀਵਨ ਮੈਂਬਰ | ੧੫੦੦-੦੦ |
| ਵਿਦੇਸ਼ ਲਈ | ੨੫ ਪੌਂਡ ਜਾਂ ੩੫ ਡਾਲਰ |

ਹਵਾਈ ਡਾਕ ਰਾਹੀਂ
ਚੈਕ ਡਰਾਫਟ Monthly Wariam ਜਾਂ ਕੇਵਲ Wariam ਦੇ ਨਾਂਅ ਤੇ ਹੀ ਭੇਜੇ ਜਾਣ।

## ਵਰਿਆਮ ਸਕੂਲਾਂ ਕਾਲਜਾਂ ਲਈ ਪਰਵਾਨ

'ਵਰਿਆਮ' ਨਿਰਦੇਸ਼ਕ ਸਿਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰਬਰ ੩-੧-੭੭ ਐਡੀਟਰਜ਼, ਮਿਤੀ ੩-੩-੭੭ ਰਾਹੀਂ ਪੰਜਾਬ ਪੰਜਾਬ ਭਰ ਦੇ ਸਕੂਲਾਂ, ਕਾਲਜਾਂ ਤੇ ਲਾਇਬਰੇਰੀਆਂ ਲਈ ਪ੍ਰਵਾਨ ਹੈ।


## ਤਤਕਰਾ


ਸਤਿਗੁਰ ਪ੍ਰਤਾਪ ਸਿੰਘ ਜੀ—*ਜਗਦੀਸ਼ ਸਿੰਘ* ------ ੨
ਸ. ਹਰਵਿੰਦਰ ਸਿੰਘ ਹੰਸਪਾਲ—*ਜਗਦੀਸ਼ ਸਿੰਘ* ---- ੩
ਕ੍ਰਿਸ਼ਨ ਕਾਂਤ—*ਜਗਦੀਸ਼ ਸਿੰਘ* ---------------- ੫
ਗ਼ਜ਼ਲ—*ਜਸਵੰਤ ਸਿੰਘ ਰਾਹੀ* --------------- ੭
ਇਕ ਅਨੁਭਵ—*ਤਰਲੋਕ ਮਨਸੂਰ* -------------- ੯
ਜਬ ਰੂਸ ਪੰਜਾਬੇ ਆਵੇ—*ਸਵਰਨ ਸਿੰਘ ਸਨੇਹੀ* -- ੧੧
ਉਸਤਾਦ ਅੱਲਾਦੀਆ ਖਾਂ ਮਿਹਰਬਾਨ------------- ੧੩
—*ਬਲਬੀਰ ਸਿੰਘ ਕੰਵਲ*
ਇਨ ਮਾਇਆ—*ਸਾਧੂ ਸਿੰਘ ਕਿਸਾਨ* -------- ੧੫
ਦੇਸ਼ ਭਗਤੀ ਦਾ ਇਨਾਮ—*ਅਰਜਨ ਸਿੰਘ ਗੜਗੱਜ*-੧੭
ਦੋ ਰਚਨਾਵਾਂ—*ਨਾਥ ਜੰਡੂਸਿੰਘਾ* ------------ ੨੧
ਸੁਣੋ ਫਸਲਾਂ ਕਹਿਣ ਕਹਾਣੀ—*ਗੁਰਭਜਨ ਗਿੱਲ* --- ੨੩
ਖ਼ਬਰਨਾਮਾ ---------------------------------- ੨੫
ਪ੍ਰਤੀਕਿਰਿਆ --------------------------------- ੪੧


ਪੁਰਾਣੇ ਸਮਿਆਂ ਵਿਚ ਲੋਕ ਲਿਖਦੇ ਸਨ ਕਿ ਆਪਣੇ ਦੇਸ਼ ਦੀ ਖਾਤਰ ਮਰ ਜਾਣਾ, ਇਕ ਸੁਹਣੀ ਤੇ ਸਨਮਾਣ ਯੋਗ ਗੱਲ ਹੈ ਪਰ ਆਧੁਨਿਕ ਜੰਗ ਵਿਚ ਤੁਹਾਡੇ ਇੰਝ ਮਰਨ ਵਿਚ ਕੁਝ ਵੀ ਸੁਹਣਾ ਜਾਂ ਸਨਮਾਨਯੋਗ ਨਹੀਂ ਹੈ। ਤੁਸੀਂ ਅਕਾਰਨ ਹੀ ਇਕ ਕੁੱਤੇ ਦੀ ਮੌਤ ਮਰ ਜਾਉਗੇ।

—ਅਰਨੈਸਟ ਹੈਮਿੰਗਵੇ
'ਨੋਟਸ ਔਨ ਦੀ ਨੈਕਸਟ ਵਾਰ'

---

ਸੁਲਾਹ ਕੀਤਿਆਂ ਫਤਿਹ ਜੇ ਹੱਥ ਆਵੇ
ਕਮਰ ਜੰਗ ਤੇ ਮੂਲ ਨਾ ਕੱਸੀਏ ਜੀ।

—ਵਾਰਸ ਸ਼ਾਹ



Sri Satguru Jagjit Singh Ji eLibrary NamdhariElibrary@gmail.com

https://archive.org/details/namdhari

# ਸਤਿਗੁਰੂ ਪ੍ਰਤਾਪ ਸਿੰਘ ਜੀ

ਗੁਰੂ ਰਾਮਦਾਸ ਜੀ ਦੀ ਬਾਣੀ ਵਿਚ ਗੁਰੂ ਵਲੋਂ ਸਿੱਖਾਂ ਨਾਲ ਕੀਤਾ ਪਿਆਰ ਉਹਨਾਂ ਦੀ ਪ੍ਰਤਿਪਾਲਣਾ ਵਾਸਤੇ ਉਦਮ ਦੀ ਗੱਲ ਸਾਡੇ ਸਾਹਮਣੇ ਹੈ—

— ਜਿਉ ਜਨਨੀ ਸੁਤ ਜਣ ਪਾਲਤੀ ਰਾਖੈ ਨਦਰ ਮਝਾਰ,
ਅੰਤਰ ਬਾਹਰ ਮੁਖ ਦੇ ਗਰਾਸ ਖਿਨ ਖਿਨ ਪੋਚਾਰ,
ਤਿਉ ਸਤਗੁਰੁ, ਗੁਰੁ ਸਿਖ ਰਾਖਤਾ ਹਰਿ ਪ੍ਰੀਤਿ ਪਿਆਰ

— ਮਾਤਾ ਪ੍ਰੀਤਿ ਕਰੇ ਪੁਤ ਖਾਇ
ਮੀਨੇ ਪ੍ਰੀਤਿ ਭਈ ਜਲ ਨਾਇ
ਸਤਿਗੁਰੁ ਪ੍ਰੀਤਿ ਗੁਰਸਿਖ ਮੁਖ ਪਾਇ

— ਗੁਰ ਸਿਖਾਂ ਅੰਦਰ ਸਤਗੁਰੁ ਵਰਤੈ ਜੋ ਸਿਖਾਂ ਨੇ ਲੋਚੈ ਸੋ ਗੁਰੁ ਖੁਸੀਆਵੈ

ਇਹਨਾਂ ਤੁਕਾਂ ਦੇ ਸਮਰਥਨ ਵਿਚ ਜੇ ਕੋਈ ਤਾਜ਼ੀ ਤੇ ਮਹਾਨ ਮਿਸਾਲ ਵੇਖਣੀ ਹੋਵੇ ਤਾਂ ਉਹ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਹੈ।

ਜਿਵੇਂ ਮਾਂ ਪੁਤ ਨੂੰ ਗਰਾਹੀਆਂ ਦੇ ਕੇ ਪਾਲਦੀ ਉਹਨਾਂ ਤੇ ਨਜ਼ਰ ਰਖਦੀ ਤੇ ਪਾਲਣਾ ਕਰਦੀ ਹੈ ਇਵੇਂ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸਿਖਾਂ ਦੀ ਪ੍ਰਤਿਪਾਲਣਾ ਕੀਤੀ। ਉਹ ਸਿਖਾਂ ਦੇ ਮੂੰਹ ਵਿਚ ਚੰਗਾ ਪਦਾਰਥ ਵੇਖਕੇ ਖੁਸ਼ ਹੁੰਦੇ। ਉਹਨਾਂ ਦੀ ਖੁਸ਼ਹਾਲੀ ਅਤੇ ਤਰੱਕੀ ਵਾਸਤੇ ਜਤਨ ਕਰਦੇ ਅਤੇ ਉਹਨਾਂ ਨੂੰ ਸੁਖੀ ਵੇਖ ਕੇ ਬਹੁਤ ਖੁਸ਼ ਹੁੰਦੇ।

ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਪਾਵਨ ਦਰਸ਼ਨ ਕਰਨ ਦਾ ਅਵਸਰ ਸਾਨੂੰ ਪ੍ਰਾਪਤ ਹੋਇਆ ਹੈ ਜਿਥੇ ਉਹਨਾਂ 'ਅੰਧਕਾਰ ਮਹਿ ਰਤਨ ਪ੍ਰਗਾਸਿਓ' ਦੇ ਮਹਾ ਵਾਕ ਅਨੁਸਾਰ ਘੋਰ ਅੰਧਿਆਰੇ ਮਨਾਂ ਵਿਚ ਚਾਨਣਾ ਕੀਤਾ, ਜਿਥੇ ਪਾਪੀ, ਬਲਵੰਚੀਏ, ਚੋਰਾਂ ਜਾਰਾਂ ਤਸਕਰਾਂ ਨੂੰ ਉਹਨਾਂ ਸਿਧੇ ਮਾਰਗ ਪਾਇਆ, ਜਿਥੇ ਉਹਨਾਂ ਨੇ ਅੰਗਰੇਜ਼ੀ ਜਬਰ ਦੇ ਸਿਤਾਏ ਲਿਤਾੜੇ ਨਾਮਧਾਰੀ ਪੰਥ ਨੂੰ ਅਗਾਂਹਵਧੂ ਰੋਲ ਵਿਚ ਜਥੇਬੰਦ ਕੀਤਾ ਅਤੇ ਪੰਥ ਦਾ ਵਿਕਾਸ ਕੀਤਾ ਉਥੇ ਉਹਨਾਂ ਸਿਖਾਂ ਦੀ ਖੁਸ਼ਹਾਲੀ ਵਾਸਤੇ ਤਾਬੜ ਤੋੜ ਜਤਨ ਕੀਤੇ। ਫਜ਼ੂਲ ਸਮਾਜਕ ਰਸਮਾਂ ਵਿਰੁਧ ਜਹਾਦ ਤਾਂ ਛੇੜਿਆ ਹੀ ਪਰ ਇਕ ਵਿਲਖਣਤਾ ਉਹਨਾਂ ਦੀ ਇਹ ਸੀ ਕਿ ਉਹਨਾਂ ਜ਼ਮੀਨਾਂ ਗਰੀਬ ਸਿਖਾਂ ਵਿਚ ਵੰਡੀਆਂ। ਉਹਨਾਂ ਨੇ ਸਿਖਾਂ ਨੂੰ ਕਰਜ਼ਦਾਰੀਆਂ ਦੀ ਲਾਅਨਤ ਤੋਂ ਨਿਜਾਤ ਦਿਲਾਈ ਅਤੇ ਅਜ ਨਾਮਧਾਰੀ ਪੰਥ ਖੁਸ਼ਹਾਲੀ ਦੀਆਂ ਮੰਜ਼ਲਾਂ ਮਾਰ ਰਿਹਾ ਹੈ।

ਅਜ ਤੋਂ ਤਰਤਾਲੀ ਸਾਲ ਪਹਿਲਾਂ ਇਹਨਾਂ ਦਿਨਾਂ ਵਿਚ (੫ ਭਾਦਰੋਂ ੨੦੨੭ ਬਿ) ਇਸ ਮਹਾਂ ਪ੍ਰਤਾਪੀ ਸੂਰਜ ਨੇ ਆਪਣੀਆਂ ਕਿਰਨਾ ਸਮੇਟੀਆਂ ਅਤੇ ਸਤਿਗੁਰੂ ਜਗਜੀਤ ਸਿੰਘ ਦੇ ਰੂਪ ਵਿਚ ਪ੍ਰਕਾਸ਼ਮਾਨ ਕੀਤੀਆਂ।

ਉਦੋਂ ਤੋਂ ਅਜ ਤਕ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਪਾਵਨ ਯਾਦ ਨਾਮਧਾਰੀਆਂ ਦਾ ਵਿਰਸਾ ਬਣ ਗਈ ਹੈ। ਇਹ ਮਿਠੀ ਯਾਦ ਹੀ ਦੂਖ ਰੋਗ ਸੰਤਾਪਾਂ ਨੂੰ ਮੇਟਣ ਵਾਲੀ ਹੈ ਅਤੇ ਸਚੇ ਮਾਰਗ ਵਲ ਪ੍ਰੇਰਣ ਦਿੰਦੀ ਹੈ। ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਦ੍ਰਿੜਾਇਆ ਮਾਰਗ ਲੋਕਾਈ ਦੇ ਕਲਿਆਣ ਦਾ ਮਾਰਗ ਹੈ।

*—ਜਗਦੀਸ਼ ਸਿੰਘ*



Sri Satguru Jagjit Singh Ji eLibrary NamdhariElibrary@gmail.com

https://archive.org/details/namdhari

# ਸ. ਹਰਵਿੰਦਰ ਸਿੰਘ ਹੰਸਪਾਲ



ਸਰਦਾਰ ਹਰਵਿੰਦਰ ਸਿੰਘ ਹੰਸਪਾਲ ਪੰਜਾਬ ਕਾਂਗਰਸ ਦੇ ਪ੍ਰਧਾਨ ਦੇ ਵਕਾਰੀ ਅਹੁਦੇ ਤੇ ਬੈਠੇ ਹਨ। ਕੁਦਰਤੀ ਉਹਨਾਂ ਦੇ ਚਾਹੁਣ ਵਾਲੇ ਲੋਕਾਂ ਨੂੰ ਅਥਾਹ ਖੁਸ਼ੀ ਹੋਈ ਹੈ। ਹੰਸਪਾਲ ਜੀ ਪਹਿਲੀ ਵਾਰ ੪ ਜੁਲਾਈ ੧੯੮੦ ਨੂੰ ਪੰਜਾਬ ਅਸੈਂਬਲੀ ਦੇ ਮੈਂਬਰਾਂ ਦੀਆਂ ਸਿਧੀਆਂ ਵੋਟਾਂ ਨਾਲ ਰਾਜ ਸਭਾ ਲਈ ਚੁਣੇ ਗਏ ਸਨ। ਉਦੋਂ ਪੰਜਾਬ ਵਿੱਚ ਸ. ਦਰਬਾਰ ਸਿੰਘ ਦਾ ਰਾਜ ਸੀ ਅਤੇ ਸ. ਹੰਸਪਾਲ ੬੪ ਵੋਟਾਂ ਲੈ ਗਏ ਸਨ। ਜਿਤਣ ਯੋਗ ੪੦ ਵੋਟਾਂ ਤੋਂ ੨੪ ਵੱਧ ਲੈ ਕੇ ਉਹਨਾਂ ਰਾਜ ਸਭਾ ਦੀ ਪਹਿਲੀ ਰੌਲ ਪੂਰੇ ਛੇ ਸਾਲ ਲਈ। ਦੂਸਰੀ ਵਾਰ ਪੰਜਾਬ ਅਕਾਲੀਆਂ ਦੇ ਕਬਜ਼ੇ ਵਿਚ ਸੀ। ਕਾਂਗਰਸੀ ਐਮ. ਐਲ. ਏਜ਼ ਦੀਆਂ ਵੋਟਾਂ ਨਾਲ ਇਕ ਵੀ ਬੰਦਾ ਰਾਜ ਸਭਾ ਵਿੱਚ ਨਹੀਂ ਸੀ ਪਹੁੰਚ ਸਕਦਾ। ਅਜਿਹੀ ਹਾਲਤ ਵਿੱਚ ਕੋਈ ਵੀ ਉਮੀਦਵਾਰ ਕਾਂਗਰਸ ਟਿਕਟ ਦਾ ਚਾਹਵਾਨ ਨਹੀਂ ਸੀ। ਇਸ ਮੁਸ਼ਕਲ ਹਾਲਤ ਵਿਚ ਸਿਟਿੰਗ ਐਮ. ਪੀ ਹੋਣ ਕਰਕੇ ਕਾਂਗਰਸ ਹਾਈ ਕਮਾਂਡ ਨੇ ਟਿਕਟ ਹੰਸਪਾਲ ਜੀ ਨੂੰ ਮੁੜ ਦੇ ਦਿਤੀ ਕਿ ਜਾਓ ਕਿਸਮਤ ਆਜ਼ਮਾ ਲਵੋ। ਇਕ ਕਰਾਮਾਤ ਹੋ ਗਈ। ਹੰਸਪਾਲ ਹੋਰਾਂ ਸੀਟ ਅਕਾਲੀਆਂ ਦੇ ਜਬਾੜੇ 'ਚੋਂ ਖਿੱਚ ਲਿਆਂਦੀ। ਇਕ ਤਾਂ ਅਕਾਲੀਆਂ ਦੀ ਰਵਾਇਤੀ ਦੁਫੇੜ ਦੂਜੇ ਬਾਕੀ ਪਾਰਟੀਆਂ ਨੇ ਸਮੇਤ ਕੁਝ ਅਕਾਲੀਆਂ ਦੇ ਨਾਮਧਾਰੀ ਹੋਣ ਕਰਕੇ ਇਹਨਾਂ ਨੂੰ ਸਪੋਰਟ ਦਿਤੀ। ਇਸ ਤਰ੍ਹਾਂ ਇਕ ਵੋਟ ਦੇ ਕੁਝ ਹਿਸੇ ਦੀ ਬੜਤ ਨਾਲ ਹੰਸਪਾਲ ਜੀ ਰਾਜ ਸਭਾ ਦੀ ਦੂਸਰੀ ਰੌਲ ਲੈਣ ਵਾਸਤੇ ਕਾਮਯਾਬ ਹੋ ਗਏ। ਇਸ ਤਰ੍ਹਾਂ ਕੁਲ ੧੨ ਸਾਲ ਉਹ ਭਾਰਤ ਦੀ ਪਾਰਲੀਮੈਂਟ ਵਿੱਚ ਬਤੌਰ ਮੈਂਬਰ ਰਾਜ ਸਭਾ ਦੇ ਮਾਨ ਮੱਤੇ ਸਥਾਨ ਤੇ ਬਰਾਜਮਾਨ ਰਹੇ। ਭਾਰੀ ਔਕੜਾਂ ਦੇ ਬਾਵਜੂਦ ਹੰਸਪਾਲ ਜੀ ਦਾ ਇਹ ਪ੍ਰਤਾਪ ਅਸਲ ਵਿੱਚ ਸਤਿਗੁਰੂ ਜਗਜੀਤ ਸਿੰਘ ਜੀ ਦਾ ਬਖਸ਼ਿਆ ਹੋਇਆ ਹੈ ਅਤੇ ਸ. ਹੰਸਪਾਲ ਇਸ ਗਲ ਨੂੰ ਸਦਾ ਹੀ ਸਵੀਕਾਰਿਆ ਹੈ। ਆਮ ਤੌਰ ਤੇ ਪਦਵੀਆਂ ਪ੍ਰਾਪਤ ਕਰਕੇ ਲੋਕ ਆਪਣੇ ਗੁਰੂ ਤੋਂ ਬੇਮੁਖ ਹੁੰਦੇ ਵੇਖੇ ਗਏ ਹਨ। ਘੱਟੋਂ ਘੱਟ ਆਪ ਨੂੰ ਬਹੁਤ ਸਿਆਣੇ ਤਾਂ ਸਮਝਣ ਹੀ ਲਗ ਪੈਂਦੇ ਹਨ ਪਰ ਅਸਾਂ ਬਹੁਤ ਕਰੀਬ ਤੋਂ ਦੇਖਿਆ ਹੈ ਸ. ਹੰਸਪਾਲ ਨੇ ਪ੍ਰਾਈਵੇਟ ਤੌਰ ਤੇ ਵੀ ਅਤੇ ਪਬਲਿਕ ਜ਼ਿੰਦਗੀ ਵਿੱਚ ਵੀ ਸਤਿਗੁਰੂ ਜੀ ਦੀ ਇੱਛਾ ਨੂੰ ਹੁਕਮ ਵਾਂਗ ਮੰਨਿਆ ਹੈ। ਸਿਰਫ ਗਲੀਂ ਬਾਤੀਂ ਹੀ ਨਹੀਂ ਮੰਨਿਆ ਸਗੋਂ ਇਸ ਬਾਰੇ ਬੇਬਾਕ ਹੋ ਕੇ ਮੈਦਾਨ ਵਿੱਚ ਵੀ ਨਿਤਰੇ ਹਨ। ਸ. ਹੰਸਪਾਲ ਨਾਲ ਕ੍ਰਿਆ ਸ਼ੀਲਤਾ ਜੁੜੀ ਪਈ ਹੈ। ਕੋਈ ਨਾ ਕੋਈ ਕੰਮ, ਕੋਈ ਪ੍ਰੋਗਰਾਮ, ਕੋਈ ਗਲ ਕਿਸੇ ਨੂੰ ਕਹਿਣ ਵਾਸਤੇ ਉਹਨਾਂ ਕੋਲ ਹੁੰਦੀ ਹੈ। ਭਾਵ ਕੋਈ ਨਾ ਕੋਈ ਇਸ਼ੂ ਉਹਨਾਂ ਕੋਲ ਹੁੰਦਾ ਹੀ ਹੈ। ਅਸਾਂ ਇਹ ਵੀ ਵੇਖਿਆ ਹੈ ਕਿ ਉਹਨਾਂ ਕੋਲ ਭਾਵੇਂ ਕੋਈ ਅਹੁਦਾ ਰਿਹਾ ਹੈ ਜਾਂ ਨਹੀਂ, ਉਹ ਸਰਗਰਮੀਆਂ ਦਾ ਕੇਂਦਰ ਰਹੇ ਸਨ। ਹੰਸਪਾਲ ਜੀ ਦੀਆਂ ਸਰਗਰਮੀਆਂ ਦੀ ਇਕ ਲੰਮੀ ਸੂਚੀ ਹੈ। ਉਹ ਬੈਂਕਾਂ ਦੇ ਡਾਇਰੈਕਟਰ ਰਹੇ, ਲਿਮਿਟਡ ਕੰਪਨੀਆਂ ਦੇ ਡਾਇਰੈਕਟਰ, ਮੈਨੇਜਿੰਗ ਡਾਇਰੈਕਟਰ ਅਤੇ ਪਰੋਮੋਟਰ ਡਾਇਰੈਕਟਰ ਰਹੇ। ਉਹ ਕੇਵਲ ਪਦਵੀਆਂ ਤੇ ਆਪ ਹੀ ਨਹੀਂ ਰਹੇ ਸਗੋਂ ਅਨੇਕਾਂ ਨੌਜਵਾਨ ਵਿਸ਼ੇਸ਼ ਕਰਕੇ ਨਾਮਧਾਰੀ ਨੌਜਵਾਨਾਂ ਨੂੰ ਇਹਨਾਂ ਅਦਾਰਿਆਂ ਵਿੱਚ ਨੌਕਰੀਆਂ ਦਿੱਤੀਆਂ ਜੋ ਅੱਜ ਤਕ ਸੁੱਖ ਦੀ ਰੋਟੀ ਖਾ ਰਹੇ ਹਨ।

ਨਾਮਧਾਰੀ ਵਿਦਿਆਕ ਜੱਥੇ ਦੇ ਉਹ ਬਾਨੀ ਮੈਂਬਰ ਹਨ। ਇਸ ਜੱਥੇ ਨੇ ਨਾਮਧਾਰੀ ਨੌਜਵਾਨਾਂ ਵਿੱਚ ਆਪਣੇ ਸਮਾਜ ਵਿੱਚ ਕੰਮ ਕਰਣ ਦੀ ਲਿਲ੍ਹ ਲਾਈ। ਅਨੇਕਾਂ ਪ੍ਰਦਰਸ਼ਨੀਆਂ, ਤਸਵੀਰਾਂ, ਸੁੰਦਰ ਪੁਸਤਕਾਂ ਦੀ ਛਪਵਾਈ ਹੰਸਪਾਲ ਜੀ ਦੀ ਅਗਵਾਈ ਵਿੱਚ ਹੀ ਹੋਈ। ਸਮਾਜ ਵਿਚੋਂ ਦਾਜ ਪ੍ਰਥਾ ਦੀ



Sri Satguru Jagjit Singh Ji eLibrary NamdhariElibrary@gmail.com

ਜ਼ਾਹਰਾ ਜਾਂ ਚੋਰੀ ਲਾਅਨਤ ਨੂੰ ਖਤਮ ਕਰਣ ਵਿੱਚ ਉਹਨਾਂ ਕਈਆਂ ਨਾਲ ਵੈਰ ਸਹੇੜੇ। ਸੰਨ ੧੯੭੨ ਨੂੰ ਸਤਿਗੁਰੂ ਰਾਮ ਸਿੰਘ ਜੀ ਦੀ ਪ੍ਰਦੇਸ਼ ਗਵਣ ਸ਼ਤਾਬਦੀ ਇਹਨਾਂ ਦੀ ਕਮਾਂਡ ਵਿੱਚ ਬਹੁਤ ਸਫਲਤਾ ਸਹਿਤ ਅੰਤਰਾਸ਼ਟਰੀ ਪੱਧਰ ਤੇ ਮਨਾਈ ਗਈ। ਹੰਸਪਾਲ ਜੀ ਪਹਿਲਾਂ ਸ਼ਤਾਬਦੀ ਨਿਊਜ਼ ਜਿਹੇ ਉੱਚ ਪਾਏ ਦੇ ਵਕਾਰੀ ਪਰਚੇ ਦੇ ਸੰਪਾਦਕ ਰਹੇ ਤੇ ਹੁਣ ਅੱਸੀ ਸਾਲ ਤੋਂ ਵਧ ਸਮੇਂ ਤੋਂ ਪ੍ਰਕਾਸ਼ਤ ਹੋ ਰਹੇ ਨਾਮਧਾਰੀ ਪਰਚੇ ਸਤਿਜੁਗ ਨੂੰ ਉਹਨਾਂ ਨਵਾਂ ਰੂਪ ਵੀ ਦਿਤਾ ਅਤੇ ਇਸ ਦੀ ਇਸ਼ਾਇਤ ਵਿੱਚ ਕਈ ਗੁਣਾਂ ਵਾਧਾ ਕੀਤਾ।

ਪਾਰਲੀਮੈਂਟ ਵਿੱਚ ਸੇਵਾ ਕਰਦਿਆਂ ਉਹਨਾਂ ਕਈ ਕਮੇਟੀਆਂ ਦੀ ਪ੍ਰਧੀਨਗੀ ਕੀਤੀ ਉਹ ਯੂ. ਐਨ. ਓ ਵਿੱਚ ਵੀ ਭਾਰਤੀ ਵਫਦ ਨਾਲ ਗਏ ਅਤੇ ਦੋ ਮਹੀਨੇ ਯੂ. ਐਨ. ਓ ਦੇ ਹੈਡਕੁਆਰਟਰ ਵਿੱਚ ਰਹਿ ਕੇ ਵਿਕਾਸ ਅਤੇ ਅੰਤਰਾਸ਼ਟਰੀ ਆਰਥਕ ਮਿਲਵਰਤਣ ਵਾਲੀ ਕਮੇਟੀ 'ਚ ਕੰਮ ਕੀਤਾ। ਉਹ ਬਦੇਸ਼ਾਂ ਵਿਚ ਵੀ ਖੂਬ ਘੁੰਮੇ ਹਨ।

ਅੱਜ ਕਲ ਵਰਲਡ ਪੰਜਾਬੀ ਕਾਨਫਰੰਸਾਂ ਦਾ ਬੜਾ ਚਰਚਾ ਹੈ। ਵੱਖ ਵੱਖ ਸਜਨਾਂ ਵਲੋਂ ਇਹ ਹੋ ਰਹੀਆਂ ਹਨ। ਪਰ ਇਹ ਗਲ ਹੁਣ ਸਰਬ ਪ੍ਰਵਾਨਿਤ ਹੈ ਕਿ ਸ. ਹੰਸਪਾਲ ਦੀ ਪ੍ਰਧਾਨਗੀ ਹੇਠ ਇਹਨਾਂ ਦੇ ਸਹਿਯੋਗੀਆਂ ਵਲੋਂ ਹੋਈਆਂ ਵਿਸ਼ਵ ਪੰਜਾਬੀ ਕਾਨਫਰੰਸਾਂ ਬੈਂਕਾਕ, ਨਵੀਂ ਦਿੱਲੀ ਜਾਂ ਮਲਵਾਇਕੀ (ਅਮਰੀਕਾ) ਵਿੱਚ ਆਪਣੀ ਸਫਲਤਾ ਦੀ ਗੂੜ੍ਹੀ ਛਾਪ ਛੱਡ ਗਈਆਂ ਹਨ। ਉਂਞ ਵੀ ਹੰਸਪਾਲ ਜੀ ਦੀ ਛੱਵੀ ਇਕ ਮਿੱਠਬੋਲੜੇ ਮਿਲਣਸਾਰ ਅਤੇ ਗਲ ਧਿਆਨ ਨਾਲ ਸੁਨਣ ਵਾਲੇ ਅਤੇ ਸਰਬ ਸਾਂਝੇ ਸਿਆਸਤਦਾਨ ਦੀ ਹੈ। ਆਮ ਲੋਕਾਂ ਨੂੰ ਸ਼ਾਇਦ ਨਾ ਪਤਾ ਹੋਵੇ ਪਰ ਕਾਂਗਰਸ ਹਾਈ ਕਮਾਂਡ ਨੇ ਬਹੁਤ ਉਚ ਜ਼ੁੰਮੇਵਾਰੀ ਵਾਲੇ ਕਾਰਜ ਇਹਨਾਂ ਨੂੰ ਸੌਂਪੇ ਇਹਨਾਂ ਸਫਲਤਾ ਨਾਲ ਸਿਰੇ ਚਾੜ੍ਹ ਕੇ ਨਾਮਣਾ ਖਟਿਆ। ਬਹੁਤ ਸਾਰੀਆਂ ਕੌਮਾਂਤਰੀ ਧਾਰਮਕ ਕਾਨਫਰੰਸਾਂ ਵਿੱਚ ਵੀ ਹੰਸਪਾਲ ਜੀ ਨੇ ਆਪਣੀ ਯੋਗਤਾ ਦਾ ਸਿੱਕਾ ਬਿਠਾਇਆ ਹੈ।

ਸੰਨ ੧੯੩੯ ਵਿੱਚ ਸਿਆਲਕੋਟ ਜ਼ਿਲੇ ਦੇ ਇਕ ਮਸ਼ਹੂਰ ਪਿੰਡ ਬਾਠਾਂ ਵਾਲੇ ਵਿੱਚ ਸ. ਹਰਵਿੰਦਰ ਸਿੰਘ ਹੰਸਪਾਲ ਸ. ਗਿਆਨ ਸਿੰਘ ਚੀਫ ਐਨਜੀਨਅਰ ਦੇ ਘਰ ਜਨਮੇ। ਆਪ ਦੇ ਪਿਤਾ ਸ੍ਰੀ ਹੰਸਪਾਲ ਅਤੇ ਮਾਤਾ ਸ੍ਰੀਮਤੀ ਰਾਜਿੰਦਰ ਕੌਰ ਇਕ ਉਤਮ ਦਰਜੇ ਦੇ ਦੰਪਤੀ ਹਨ। ਸਾਧੂ ਸੁਭਾ ਦੇ ਪਰ ਪੜ੍ਹੇ ਲਿਖੇ ਅਗਾਂਹ ਵਧੂ ਮਿਕਨਾਤੀਸੀ ਸ਼ਖਸੀਅਤ ਵਾਲੇ। ਆਪ ਦੇ ਤਾਇਆ ਜੀ ਸ. ਗੁਰਦਿਆਲ ਸਿੰਘ ਵੀ ਖੰਡ ਮਿਲਾਂ ਦੇ ਮੁੱਖ ਐਨਜੀਨਅਰ ਰਹੇ। ਇਸਤਰ੍ਹਾਂ ਯੂ. ਪੀ ਦੀਆਂ ਕਈ ਖੰਡ ਮਿਲਾਂ ਵਿਚ ਨਾਮਧਾਰੀ ਚੀਫ ਐਨਜੀਨਅਰ, ਐਨਜੀਨਅਰ, ਫੋਰਮੈਨ ਤੇ ਵਰਕਰ ਰਹੇ। ਹੰਸਪਾਲ ਪਰਿਵਾਰ ਵੀ ਬਿਜਨੌਰ ਯੂ.ਪੀ. ਵਿਚ ਸਥਾਪਤ ਹੋ ਗਿਆ। ਅਲੀਗੜ੍ਹ ਯੂਨੀਵਰਸਿਟੀ ਤੋਂ ਹੰਸਪਾਲ ਜੀ ਨੇ ਬੀ ਐਸ. ਸੀ ਦੀ ਡਿਗਰੀ ਲਈ। ਦਿੱਲੀ ਵਿੱਚ ਕਾਰੋਬਾਰ ਸਥਾਪਤ ਕੀਤਾ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਆਪਣੇ ਪਰਮ ਸੇਵਕ ਸਹਿਯੋਗੀ ਵਜੋਂ ਹੰਸਪਾਲ ਜੀ ਨੂੰ ਚੁਣਿਆ, ਤਰਾਸ਼ਿਆ , ਵਿਕਾਸਿਆ ਅਤੇ ਭਾਰੀ ਤੋਂ ਭਾਰੀ ਜ਼ੁਮੇਵਾਰੀਆਂ ਨਿਭਾਉਣ ਦੇ ਯੋਗ ਬਣਾਇਆ। ਹੰਸਪਾਲ ਜੀ ਨੇ ਪੰਜਾਬ ਨੂੰ ਆਪਣਾ ਕਰਮ ਖੇਤਰ ਬਣਾਇਆ। ਹੰਸਪਾਲ ਦੇਸ਼ ਦੇ ਉਚੇ ਤੋਂ ਉਚੇ ਅਧਿਕਾਰੀਆਂ, ਸਭ ਪਾਰਟੀਆਂ ਦੇ ਮੁਖੀਆਂ ਅਤੇ ਅਫਸਰਾਂ ਨਾਲ ਜਿੰਨੀ ਆਸਾਨੀ ਨਾਲ ਗਲ ਕਰ ਸਕਦੇ ਹਨ ਉਨੀ ਆਸਾਨੀ ਨਾਲ ਹੀ ਆਮ ਆਦਮੀ ਨਾਲ ਵੀ। ਆਪ ਜੀ ਦੀ ਸਤਿਗੁਰੂ ਜਗਜੀਤ ਸਿੰਘ ਜੀ ਤੇ ਆਸਥਾ ਕਈ ਸਿੱਕੇ ਬੰਦ ਸ਼ਰਧਾਲੂਆਂ ਤੋਂ ਵੀ ਉੱਚੀ ਹੈ।

ਹੰਸਪਾਸ ਜੀ ਪੰਜਾਬ ਕਾਂਗਰਸ ਦੇ ਮੁੱਖੀ ਬਣੇ ਹਨ। ਇਸ ਵੇਲੇ ਜ਼ਮਾਨਾ ਸਿਆਸੀ ਕਸ਼-ਮ-ਕਸ਼ ਦਾ ਹੈ। ਪਾਰਟੀਆਂ ਦਾ ਟਕਰਾਓ ਬਹੁਤ ਸ਼ਿਦੱਤ ਧਾਰਨ ਕਰ ਗਿਆ ਹੈ। ਜ਼ਾਤੀ ਇਲਜ਼ਾਮ ਤਰਾਸ਼ੀਆਂ ਨਿਤ ਦਾ ਕਰਮ ਹੈ। ਆਸ ਕਰਨੀ ਚਾਹੀਦੀ ਹੈ ਕਿ ਸ. ਹੰਸਪਾਲ ਜੀ ਜਿਹੀ ਸਰਬ ਸਾਂਝੀ ਮਿਠ ਬੋਲੜੀ ਈਮਾਨਦਾਰ ਅਤੇ ਬੇਦਾਗ ਸ਼ਖਸੀਅਤ ਨਾਲ ਇਸ ਵਰਤਾਰੇ ਵਿੱਚ ਕੁਝ ਠੰਡ ਪੈ ਸਕਦੀ ਹੈ। ਫੈਸਲਾ ਤਾਂ ਦਿੱਲੀ ਦੀ ਹਾਈ ਕਮਾਂਡ ਨੇ ਕੀਤਾ ਹੈ। ਇਸ ਫੈਸਲੇ ਦੇ ਸਹੀ ਹੋਣ ਦਾ ਸਬੂਤ ਇਹ ਹੈ ਕਿ ਹੰਸਪਾਲ ਜੀ ਦੀ ਨਿਯੁਕਤੀ ਦਾ ਸਾਰੇ ਲੋਕਾਂ ਅਤੇ ਕਾਂਗਰਸ ਦੇ ਸਾਰੇ ਧੜਿਆਂ ਨੇ ਸੁਆਗਤ ਕੀਤਾ ਹੈ। ਉਹਨਾਂ ਦੀ ਚੰਡੀਗੜ੍ਹ ਵਿੱਚ 'ਤਾਜਪੋਸ਼ੀ' ਸਮੇਂ ਨੀ ਇਹ ਵਿਆਪਕ ਪ੍ਰਭਾਵ ਪਿਆ ਹੈ ਅਤੇ ਅਖਬਾਰਾਂ ਨੇ ਇਸ ਗੱਲ ਨੂੰ ਸਵੀਕਾਰਿਆ ਹੈ।

ਆਜ਼ਾਦੀ ਦੀ ਜੰਗ ਵਿੱਚ ਨਾਮਧਾਰੀ ਸਮਾਜ ਨੇ ਭਾਰੀ ਕੁਰਬਾਨੀਆਂ ਦਿਤੀਆਂ ਹਨ। ਇਸ ਜੰਗ ਵਿੱਚ ਨਾਮਧਾਰੀਆਂ ਨੇ ਕਾਂਗਰਸ ਨੂੰ ਬੇਗਰਜ਼ ਸਹਿਯੋਗ ਦਿਤਾ ਹੈ। ਮੰਗਿਆ ਕੁਝ ਨਹੀਂ। ਬਹੁਤ ਲੋਕਾਂ ਨੇ ਕੁਰਬਾਨੀਆਂ ਦੇ ਮੁਲ ਵੱਟੇ ਹਨ। ਕਾਂਗਰਸ ਹਾਈ ਕਮਾਂਡ ਨੇ ਹੰਸਪਾਲ ਜੀ ਨੂੰ ਪੰਜਾਬ ਦਾ ਮੁਖੀ ਬਣਾ ਕੇ ਨਾਮਧਾਰੀਆਂ ਦੀਆਂ ਥੋਕ ਵਿੱਚ ਦਿਤੀਆਂ ਕੁਰਬਾਨੀਆਂ ਨੂੰ ਕੁਝ ਕੁ ਮਾਨਤਾ ਦਿਤੀ ਹੈ। ਜੋ ਸੁਆਗਤ ਯੋਗ ਹੈ। ਅਗੇ ਮਾਰਗ ਬਿਖੜਾ ਹੈ ਕਾਰਜ ਭਾਰੀ ਹੈ ਪਰ ਸਤਿਗੁਰਾਂ ਦੀ ਆਸ਼ੀਰਵਾਦ ਅਗੇ ਵਾਂਗ ਹੀ ਸਹਾਈ ਹੋਵੇਗੀ।

*—ਜਗਦੀਸ਼ ਸਿੰਘ*



Sri Satguru Jagjit Singh Ji eLibrary NamdhariElibrary@gmail.com

https://archive.org/details/namdhari

# ਕ੍ਰਿਸ਼ਨ ਕਾਂਤ !

ਕ੍ਰਿਸ਼ਨ ਕਾਂਤ ਭਾਰਤ ਦੇ ਉਪ ਰਾਸ਼ਟਰਪਤੀ ਦੀ ਉੱਚ ਪਦਵੀ ਤੇ ਸੁਸ਼ੋਭਤ ਹੁੰਦਿਆਂ ਇਸ ਸੰਸਾਰ ਨੂੰ ਤਿਆਗ ਗਏ ਹਨ। ਉਹਨਾਂ ਦਾ ਸਰਕਾਰੀ ਠਾਠ ਬਾਠ ਨਾਲ ਦਿਲੀ ਦੇ ਮਸ਼ਹੂਰ ਨਿਗਮ ਬੋਧ ਘਾਟ ਤੇ ਸਸਕਾਰ ਕੀਤਾ ਗਿਆ। ਇਸ ਸਸਕਾਰ ਦੀ ਪ੍ਰਕਿਆ ਨੂੰ ਟੈਲੀਵਿਜ਼ਨ ਦੇ ਚੈਨਲਾਂ ਨੇ ਸਾਰੀ ਦੁਨੀਆਂ ਵਿਚ ਪ੍ਰਸਾਰਿਤ ਕੀਤਾ। ਮੌਤ ਨੇ ਇਕ ਦਿਨ ਆ ਹੀ ਜਾਣਾ ਹੈ। ਸ਼ਾਇਰ ਨੇ ਕਿਹਾ ਕਿ ਅਜ਼ਲ ਜਬ ਸਰ ਪੇ ਆ ਪਹੁੰਚੇ ਤੋ ਫਿਰ ਕਿਆ ਬਸ ਹਮਾਰਾ ਹੈ। ਗੁਰੂ ਸਾਹਿਬਾਨ ਨੇ ਸਭ ਹੁਕਮ ਦੀ ਖੇਡ ਦਸਿਆ ਹੈ।........ਪਰ ਫਿਰ ਵੀ ਕ੍ਰਿਸ਼ਨ ਕਾਂਤ ਜੀ ਦੀ ਮੌਤ ਦੇ ਕਾਰਨਾਂ ਵਿੱਚ ਅਖਬਾਰੀ ਹਲਕਿਆਂ ਵਿੱਚ ਦੇਸ਼ ਦੇ ਰਾਸ਼ਟਰਪਤੀ ਦੀ ਚੁਣਾਓ ਪ੍ਰਕਿਰਿਆ ਨੂੰ ਇਕ ਭਾਰੀ ਕਾਰਨ ਮੰਨਿਆ ਜਾਂਦਾ ਹੈ। ਕਿਹਾ ਜਾਂਦਾ ਹੈ ਕਿ ਇਕ ਸਮੇਂ ਪ੍ਰਧਾਨ ਮੰਤਰੀ ਵਲੋਂ ਸ੍ਰੀ ਕ੍ਰਿਸ਼ਨ ਕਾਂਤ ਜੀ ਨੂੰ ਅਗਲਾ ਰਾਸ਼ਟਰਪਤੀ ਬਨਾਉਣ ਦਾ ਫੈਸਲਾ ਹੋ ਗਿਆ ਸੀ ਅਤੇ ਇਸ ਸਬੰਧ ਵਿੱਚ ਉਹਨਾਂ ਨੂੰ ਕਿਸੇ ਤਰ੍ਹਾਂ ਸੂਚਿਤ ਵੀ ਕਰ ਦਿੱਤਾ ਗਿਆ ਸੀ। ਦੋਸਤਾਂ ਵਲੋਂ ਉਹਨਾਂ ਨੂੰ ਬਾਕਾਇਦਾ ਵਧਾਈਆਂ ਵੀ ਦੇ ਦਿੱਤੀਆਂ ਗਈਆਂ, ਪਰ ਫਿਰ ਅਉਰੈ ਕੀ ਅਉਰੈ ਭਈ। ਅਗੇ ਕਈ ਵਾਰ ਉਪ ਰਾਸ਼ਟਰਪਤੀ ਨੂੰ ਹੀ ਰਾਸ਼ਟਰਪਤੀ ਚੁਣ ਲਿਆ ਜਾਂਦਾ ਰਿਹਾ ਪਰ ਕ੍ਰਿਸ਼ਨ ਕਾਂਤ ਜੀ ਨੂੰ ਸੂਚਿਤ ਕਰ ਕੇ ਵੀ ਰਾਸ਼ਟਰਪਤੀ ਤਾਂ ਕਿਤੇ ਰਿਹਾ ਸਗੋਂ ਉਪਰਾਸ਼ਟਰਪਤੀ ਰਹਿਣ ਦੇ ਵੀ ਸਾਰੇ ਰਸਤੇ ਬੰਦ ਕਰ ਦਿਤੇ ਗਏ। ਕ੍ਰਿਸ਼ਨ ਕਾਂਤ ਜੀ ਨੇ ਉਪਰਾਸ਼ਟਰਪਤੀ ਰਹਿੰਦਿਆਂ ਸਭ ਪਾਰਟੀਆਂ ਨਾਲ ਦੋਸਤਾਨਾ ਤੇ ਸਦਭਾਓ ਵਾਲੇ ਸਬੰਧ ਬਣਾ ਰਖੇ ਸਨ ਪਰ ਅੱਜ ਕਲ ਸੱਤਾ ਦੀ ਦੌੜ ਵਿੱਚ ਇਸ ਗੱਲ ਨੂੰ ਕੌਣ ਵੇਖਦਾ ਹੈ। ਵਾਅਦਾ ਸ਼ਿਕਨੀਆਂ ਅਤੇ ਵਾਅਦਾ ਖਿਲਾਫੀਆਂ ਦੇ ਇਸ ਦੌਰ ਵਿੱਚ, ਜੇ ਜੱਗ ਦੇ ਵਿਹਾਰ ਦਾ ਕ੍ਰਿਸ਼ਨ ਕਾਂਤ ਜੀ ਦੇ ਦਿਲ ਤੇ ਅਸਰ ਪਿਆ ਤੇ ਦਿਲ ਇਹ ਭਾਰ ਨਾ ਝਲ ਸਕਿਆ ਤਾਂ ਇਹ ਕੋਈ ਅਲੋਕਾਰ ਗਲ ਨਹੀਂ। (ਰਾਸ਼ਟਰਪਤੀ ਦੀ ਪਦਵੀ ਵਾਸਤੇ ਜਿਸ ਦੂਸਰੇ ਵਿਅਕਤੀ ਨੂੰ ਪਲੋਸਿਆ ਗਿਆ ਅਤੇ ਸ਼ਤਰੰਜ ਦੇ ਪਿਆਦੇ ਵਾਂਗ ਅੱਗੇ ਪਿਛੇ ਕੀਤਾ ਜਾਂਦਾ ਰਿਹਾ ਅਤੇ ਅੰਤ ਨਜ਼ਰ ਅੰਦਾਜ਼, ਉਸ ਮਹਾਂਰਾਸ਼ਟਰ ਦੇ ਗਵਰਨਰ ਪੀ. ਸੀ. ਅਲਗਜ਼ੈਂਡਰ ਨੇ ਗਵਰਨਰੀ ਤੋਂ ਅਸਤੀਫਾਂ ਦੇ ਕੇ ਹੁਣ ਰਾਜ ਸਭਾ ਦੀ ਮੈਂਬਰੀ ਲੈ ਲਈ ਹੈ।)

ਸ੍ਰੀ ਕ੍ਰਿਸ਼ਨ ਕਾਂਤ ਦੇ ਇਵੇਂ ਤੁਰ ਜਾਣ ਦਾ ਅਫਸੋਸ ਜ਼ਰੂਰ ਹੈ। ਉਹ ਇਕ ਪੰਜਾਬੀ ਸਨ ਜੋ ਭਾਰਤ ਦੇ ਸਨਮਾਨਜਨਕ ਅਹੁਦਿਆਂ ਦੇ ਉਤਲੇ ਸਿਰੇ ਤਕ ਪੁੱਜੇ। ਦੇਸ਼ ਭਗਤ ਪਰਿਵਾਰ ਦੇ ਮੈਂਬਰ ਉਹ ਉਹਨਾਂ ਸਿਆਸਤਦਾਨਾਂ ਚੋਂ ਸਨ ਜਿਨ੍ਹਾਂ ਨੇ ਦੇਸ਼ ਸਮਾਜ ਦੀ ਸੇਵਾ ਦਾ ਪੱਲਾ ਅਜੇ ਫੜਿਆ ਹੋਇਆ ਹੈ। ਜਿਨ੍ਹਾਂ ਦੀ ਮਾਤਾ ਅਤੇ ਪਿਤਾ ਦੇਸ਼ ਆਜ਼ਾਦੀ ਦੇ ਸੰਗਰਾਮ ਵਿੱਚ ਸਰਗਰਮ ਰਹੇ ਅਤੇ ਕੈਦਾਂ ਕੱਟੀਆਂ ਅਤੇ ਆਜ਼ਾਦੀ ਦੇ ਬਾਦ ਵੀ ਸਬਰ ਸੰਤੋਖ ਰਖਿਆ। ਕ੍ਰਿਸ਼ਨ ਕਾਂਤ ਨਾਲ ਸਾਡੀ ਵੀ ਇਕ ਮਿਠੀ ਯਾਦ ਜੁੜੀ ਹੋਈ ਹੈ।

ਆਪਣੇ ਛੋਟੇ ਜਿਹੇ ਮਕਾਨ ਦੀਆਂ ਛੱਤਾਂ ਬਦਲਣ ਕਾਰਨ ਸਾਰੇ ਘਰ ਵਿੱਚ ਸਾਮਾਨ ਖਿਲਰਿਆ ਹੋਇਆ ਸੀ ਕਿ ਸਾਡੇ ਘਰ ਵਿਚ ਦੋ ਵਿਅਕਤੀ ਆਏ। ਇਕ ਨੂੰ ਮੈਂ ਜਾਣਦਾ ਸਾਂ। ਉਹ ਸਨ ਸ੍ਰੀ ਚਤੁਰਭੁਜ ਮਿਤਲ ਜੋ ਜਲੰਧਰ ਦੇ ਇਕ ਉਦਯੋਗਪਤੀ ਸਨ ਤੇ ਕਾਰੋਬਾਰ ਨੂੰ ਉਹਨਾਂ ਹੇਠਲੇ ਪੱਧਰ ਤੋਂ ਉਪਰ ਤਕ ਲੈ ਆਂਦਾ ਸੀ। ਉਹ ਨਰਮ ਬੋਲੀ ਵਿੱਚ ਮਿਠੀਆਂ ਗੱਲਾਂ ਕਰਦੇ ਸਨ ਅਤੇ ਗਊ ਦੇ ਮਸਲੇ ਤੇ ਕਾਨਫਰੰਸਾਂ ਆਦਿਕ ਵਿੱਚ ਉਹ ਮੈਨੂੰ ਕਦੇ ਕਦੇ ਮਿਲਦੇ ਹੁੰਦੇ ਸਨ ਅਤੇ ਅਕਸਰ ਸ੍ਰੀ ਭੈਣੀ ਸਾਹਿਬ ਦੀਆਂ ਗਊਆਂ ਦੀ ਸ਼ਲਾਘਾ ਕਰਦੇ ਸਨ। ਇਕ ਵਾਰ ਉਹਨਾਂ ਦੀ ਤਜਵੀਜ਼ ਤੇ ਮੈਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਇਕ ਗਊ-ਸੰਮੇਲਨ ਤੇ ਪ੍ਰਤਾਪ ਬਾਗ ਜਲੰਧਰ ਵਿੱਚ ਵੀ ਆਉਣ ਲਈ ਬੇਨਤੀ ਕੀਤੀ ਸੀ ਜੋ ਮਨਜ਼ੂਰ ਹੋ ਗਈ ਸੀ।

ਮਿਤਲ ਜੀ ਨੇ ਦੂਸਰੇ ਵਿਅਕਤੀ ਬਾਰੇ ਦਸਿਆ ਕਿ ਇਹ ਹਨ ਕ੍ਰਿਸ਼ਨ ਕਾਂਤ ਜੀ। ਇਹ ਨਾਮ ਯਕਦਮ ਮੇਰੇ ਮਨ ਤੇ ਤਰੰਗਾਂ ਛੱਡ ਗਿਆ। ਮੈਂ ਕ੍ਰਿਸ਼ਨ ਕਾਂਤ ਦਾ ਨਾਮ ਸੁਣਿਆ ਹੋਇਆ ਸੀ। ਇਹ ਬੜਾ ਮਸ਼ਹੂਰ ਨਾਂਅ ਸੀ। ਕਿਸੇ ਜ਼ਮਾਨੇ ਤਿੰਨ ਨਾਵਾਂ ਦੀ ਪਾਰਲੀਮੈਂਟ ਵਿੱਚ ਰੋਜ਼ ਹੀ ਗੂੰਜ ਪੈਂਦੀ ਹੁੰਦੀ ਸੀ। ਕ੍ਰਿਸ਼ਨ ਕਾਂਤ, ਚੰਦਰ ਸ਼ੇਖਰ ਤੇ ਮੋਹਨ ਧਾਰੀਆ। ਇਹ ਸ੍ਰੀਮਤੀ ਇੰਦਰਾ ਗਾਂਧੀ ਦੇ ਭਾਰੀ ਸਮਰਥਕ ਸਨ ਅਤੇ ਪਾਰਲੀਮੈਂਟ ਵਿੱਚ ਖੁਲ ਕੇ ਬੇਬਾਕੀ ਨਾਲ ਬੋਲਦੇ ਹੁੰਦੇ ਸਨ। ਉਸ ਵੇਲੇ ਬੈਂਕਾ ਦੀ ਨੈਸ਼ਨਲਾਈਜ਼ੇਸ਼ਨ ਤੇ ਰਾਜਿਆਂ ਦੇ ਪ੍ਰੀਵੀ ਪਰਸ ਬੰਦ ਕਰਨ ਕਰਕੇ ਸ੍ਰੀਮਤੀ ਇੰਦਰਾ ਦੀ ਬਹੁਤ ਚੜ੍ਹਤ ਸੀ। ਪਾਰਲੀਮੈਂਟ ਵਿਚ ਸ੍ਰੀਮਤੀ ਗਾਂਧੀ ਨੂੰ ਸਮਰਥਨ



Sri Satguru Jagjit Singh Ji eLibrary NamdhariElibrary@gmail.com

ਦੇਣ ਵਾਲੇ ਇਹ ਤਿੰਨ ਨੌਜਵਾਨ ਸਨ ਇਸ ਲਈ ਇਹਨਾਂ ਨੂੰ ਯੰਗ ਟਰੱਕ ਕਿਹਾ ਜਾਂਦਾ ਸੀ। ਬਾਦ ਵਿਚ ਸ੍ਰੀ ਜੈ ਪ੍ਰਕਾਸ਼ ਦੇ ਅੰਦੋਲਨ ਨਾਲ ਇਹ ਸੰਬੰਧਿਤ ਹੋ ਗਏ ਤੇ ਜਨਤਾ ਪਾਰਟੀ ਦੇ ਪ੍ਰਮੁਖ ਆਗੂ ਬਣ ਗਏ। ਚੰਦਰ ਸ਼ੇਖਰ ਤਾਂ ਬਾਦ ਵਿੱਚ ਪ੍ਰਧਾਨ ਮੰਤਰੀ ਵੀ ਬਣੇ।

ਮੈਂ ਸੋਚਿਆ ਕਿ ਇਹ ਕ੍ਰਿਸ਼ਨ ਕਾਂਤ ਕੌਣ ਹੋਏ। ਮੈਂ ਮਿਤਲ ਜੀ ਨੂੰ ਕਿਹਾ ਕਿ ਇਕ ਕ੍ਰਿਸ਼ਨ ਕਾਂਤ ਤਾਂ ਪਾਰਲੀਮੈਂਟ ਦੇ ਮੈਂਬਰ ਹੁੰਦੇ ਸਨ। ਉਹ ਕਹਿਣ ਲਗੇ ਇਹ ਓਹੋ ਹੀ ਹਨ। ਮੈਂ ਕਿਹਾ ਕ੍ਰਿਸ਼ਨ ਕਾਂਤ ਯੰਗ ਟਰੱਕ ਉਹਨਾਂ ਆਖਿਆ ਤੁਸਾਂ ਬਿਲਕੁਲ ਠੀਕ ਸੋਚਿਆ ਹੈ।

ਜਿਨ੍ਹਾਂ ਲੋਕਾਂ ਨੂੰ ਅਖਬਾਰਾਂ ਵਾਲੇ ਯੰਗ ਟਰਕ, ਫਾਇਰ ਬ੍ਰਾਂਡ ਸਪੀਕਰ ਜਾਂ ਤਗੜੇ ਮੁਕਰਰ (ਭਾਸ਼ਣ ਕਾਰ) ਜਿਹੇ ਉਪਨਾਵਾਂ ਨਾਲ ਯਾਦ ਕਰਦੇ ਹਨ ਉਹਨਾਂ ਬਾਰੇ ਇਹ ਧਾਰਨਾ ਜਿਹੀ ਬਣ ਜਾਂਦੀ ਹੈ ਕਿ ਉਹ ਬਹੁਤ ਜੋਸ਼ੀਲੇ ਬੜਬੋਲੇ ਹੁੰਦੇ ਹਨ ਉਹ ਦੂਸਰੇ ਨੂੰ ਕੂਣ ਨਹੀਂ ਦਿੰਦੇ, ਉਚੀ ਗਲ ਕਰਦੇ ਹਨ ਅਗਲੇ ਦੀ ਗਲ ਕਟਦੇ ਹਨ ਉਹਨਾਂ ਦਾ ਦਿਮਾਗ ਬਹੁਤ ਉਚਾ ਹੁੰਦਾ ਹੈ। ਅੱਜਕਲ ਟੈਲੀਵੀਯਨ ਤੇ ਪਾਰਲੀਮੈਂਟ ਦੀ ਕਾਰਵਾਈ ਵੀ ਆ ਜਾਂਦੀ ਹੈ। ਉਥੇ ਹੁੰਦੀ ਬਹਿਸ ਵਿੱਚ ਬੁਲਾਰਿਆਂ ਦਾ ਜੋ ਹਾਲ ਹੁੰਦਾ ਹੈ ਉਸ ਤੋਂ ਮੇਰੇ ਅਨੁਮਾਨਾਂ ਦੀ ਪੁਸ਼ਟੀ ਹੀ ਹੁੰਦੀ ਹੈ।

ਪਰ ਕ੍ਰਿਸ਼ਨ ਕਾਂਤ ਜੀ ਤਾਂ ਬਹੁਤ ਨਰਮ ਬਹੁਤ ਹਲੀਮ ਸੁਭਾ ਦੇ ਸਨ। ਉਹ ਹੌਲੀ-ਹੌਲੀ ਗਲ ਕਰਦੇ ਸਨ। ਸ਼ਰਾਫਤ ਦਾ ਮੁਜੱਸਮਾ ਸਨ। ਮੇਰੇ ਨਾਲ ਇਕ ਭਰਾ ਵਾਂਗ ਪੇਸ਼ ਆ ਰਹੇ ਸਨ। ਬਹੁਤ ਮਿੱਠੀ ਪੰਜਾਬੀ ਬੋਲਦੇ ਸਨ। ਉਹ ਘਰ ਚ ਪਏ ਖਲਾਰੇ ਦੇ ਬਾਵਜੂਦ ਸ਼ਾਂਤ ਬੈਠੇ ਸਨ। ਸਾਡੇ ਘਰ ਦੀ ਸਾਧਾਰਨਤਾ ਤੋਂ ਪੁਰਾਣੇ ਲੋਕ ਵਾਕਿਫ ਹਨ ਪਰ ਉਦੋਂ ਤਾਂ ਉਹ ਵੀ ਮਲਬੇ ਨਾਲ ਭਰਿਆ ਹੋਇਆ ਸੀ। ਪਰ ਕ੍ਰਿਸ਼ਨ ਕਾਂਤ ਜੀ ਤੇ ਇਸ ਦਾ ਕੋਈ ਅਸਰ ਨਹੀਂ ਸੀ। ਉਹਨਾਂ ਸਾਡੇ ਘਰ ਦਾ ਸਾਧਾਰਨ ਨਿੰਬੂ ਪਾਣੀ ਹੀ ਪਰਵਾਨ ਕੀਤਾ।

ਸ੍ਰੀ ਚਤੁਰਭੁਜ ਨੇ ਆਖਿਆ ਕਿ ਜਗਦੀਸ਼ ਸਿੰਘ ਜੀ ਅਸੀਂ ਤੁਹਾਡੇ ਕੋਲ ਆਏ ਹਾਂ ਕਿ ਗੁਰੂ ਗਰੰਥ ਸਾਹਿਬ ਵਿੱਚ ਇਕ ਸ਼ਬਦ ਹੈ ਜਿਸ ਵਿੱਚ ਵਾਹਿਗੁਰੂ ਦੀ ਕ੍ਰਿਸ਼ਨ ਨਾਲ ਤੁਲਨਾ ਕੀਤੀ ਗਈ ਹੈ। ਮੈਂ ਕਿਹਾ ਕਿ ਇਹ ਨਿਸ਼ਚੇ ਨਾਲ ਤਾਂ ਨਹੀਂ ਕਿਹਾ ਜਾ ਸਕਦਾ ਕਿ ਵਾਹਿਗੁਰੂ ਪ੍ਰਮਾਤਮਾ ਦਾ ਲਖਾਇਕ ਹੈ ਜਾਂ ਗੁਰੂ ਨੂੰ ਵਾਹ ਕਿਹਾ ਗਿਆ ਹੈ ਪਰ ਭੱਟਾਂ ਦੇ ਗੁਰੂ ਰਾਮਦਾਸ ਬਾਰੇ ਸ਼ਬਦਾਂ ਵਿੱਚ ਕਿਹਾ ਗਿਆ ਹੈ ਕਿ ਉਹ ਕੰਵਲ ਵਰਗੇ ਨੈਣਾਂ ਵਾਲਾ ਹੈ। ਉਸ ਦੇ ਬੋਲ ਬੜੇ ਮਧੁਰ ਹਨ। ਉਹਦੇ ਨਾਲ ਭਾਰੀ ਸੈਨਾ ਹੈ। ਉਸ ਦੀ ਤੜਾਗੀ ਨਾਲ ਬੱਝੇ ਘੁੰਗਰੂ ਅਨਹਦ ਸ਼ਬਦ ਗੰਜਾਉਂਦੇ ਹਨ ਅਤੇ ਜਿਹਨੂੰ ਮਾਂ ਜਸੋਧਾਂ ਕਹਿੰਦੀ ਹੈ ਕਿ ਦਹੀਂ ਚੌਲ ਖਾ ਲੈ।

ਮੈਂ ਗੁਰਬਾਣੀ ਦੀ ਸੈਂਚੀ 'ਚੋਂ ਪੰਨਾ ੧੪੦੨ ਕਢ ਕੇ ਉਹ ਸ਼ਬਦ ਪੜ ਕੇ ਸੁਣਾ ਦਿਤਾ :-

ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿ ਜੀਉ ॥
ਕਵਲ ਨੈਨ ਮਧੁਰ ਬੈਨ ਕੋਟਿ ਸੈਨ ਸੰਗ ਸੋਭ
ਕਹਤ ਮਾ ਜਸੋਧ ਜਿਸਹਿ ਦਹੀ ਭਾਤੁ ਖਾਹਿ ਜੀਉ ॥
ਦੇਖਿ ਰੂਪੁ ਅਤਿ ਅਨੂਪੁ ਮੋਹ ਮਹਾ ਮਗ ਭਈ
ਕਿੰਕਨੀ ਸਬਦ ਝਨਤਕਾਰ ਖੇਲੁ ਪਾਹਿ ਜੀਉ ॥
ਕਾਲ ਕਲਮ ਹੁਕਮੁ ਹਾਥਿ ਕਹਹੁ ਕਉਨੁ ਮੇਟਿ ਸਕੈ
ਈਸੁ ਬੰਮ੍ਰ ਗ੍ਯ੍ਯਾਨੁ ਧ੍ਯ੍ਯਾਨੁ ਧਰਤ ਹੀਐ ਚਾਹਿ ਜੀਉ ॥
ਸਤਿ ਸਾਚੁ ਸ੍ਰੀ ਨਿਵਾਸੁ ਆਦਿ ਪੁਰਖੁ ਸਦਾ ਤੁਹੀ
ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿ ਜੀਉ ॥੧॥੬॥

ਮਿਤਲ ਸਾਹਿਬ ਕਹਿਣ ਲਗੇ ਕਿ ਕਹਿੰਦੇ ਹਨ ਕਿ ਕਿਤੇ ਸੰਖ, ਚਕ੍ਰ, ਗਦਾ ਅਤੇ ਪਦਮ ਦਾ ਵੀ ਜ਼ਿਕਰ ਹੈ ਅਤੇ ਪੀਲੇ ਕੱਪੜਿਆਂ ਤੇ ਮੋਰ ਪੰਖ ਦਾ ਵੀ।

ਮੈਂ ਅਗਲੇ ਦੋ ਸਵੱਈਏ ਵੀ ਪੜ੍ਹ ਕੇ ਸੁਣਾ ਦਿਤੇ ਜਿਸ ਵਿੱਚ ਇਹ ਜ਼ਿਕਰ ਸੀ :-

ਰਾਮ ਨਾਮ ਪਰਮ ਧਾਮ ਸੁਧ ਬੁਧ ਨਿਰੀਕਾਰ
ਬੇਸੁਮਾਰ ਸਰਬਰ ਕਉ ਕਾਹਿ ਜੀਉ ॥
ਸੁਥਰ ਚਿਤ ਭਗਤ ਹਿਤ ਭੇਖੁ ਧਰਿਓ
ਹਰਨਾਖਸ ਹਰਿਓ ਨਖ ਬਿਦਾਰਿ ਜੀਉ ॥
ਸੰਖ, ਚਕ੍ਰ, ਗਦਾ, ਪਦਮ ਆਪਿ ਆਪੁ ਕੀਓ ਛਦਮ
ਅਪਰੰਪਰ ਪਾਰਬ੍ਰਹਮ ਲਖੈ ਕਉਨੁ ਤਾਹਿ ਜੀਉ ॥
ਸਤਿ ਸਾਚੁ ਸ੍ਰੀ ਨਿਵਾਸੁ ਆਦਿ ਪੁਰਖੁ ਸਦਾ ਤੁਹੀ
ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿ ਜੀਉ ॥੨॥੭॥
ਪੀਤ ਬਸਨ ਕੁੰਦ ਦਸਨ ਪ੍ਰਿਆ ਸਹਿਤ ਕੰਠ ਮਾਲ
ਮੁਕਟੁ ਸੀਸਿ ਮੋਰ ਪੰਖ ਚਾਹਿ ਜੀਉ ॥
ਬੇਵਜੀਰ ਬਡੇ ਧੀਰ ਧਰਮ ਅੰਗ ਅਲਖ ਅਗੰਮ
ਖੇਲੁ ਕੀਆ ਆਪਣੈ ਉਛਾਹਿ ਜੀਉ ॥
ਅਕਥ ਕਥਾ ਕਥੀ ਨ ਜਾਇ ਤੀਨਿ ਲੋਕ ਰਹਿਆ ਸਮਾਇ
ਸੁਤਹ ਸਿਧ ਰੂਪੁ ਧਰਿਓ ਸਾਹਨ ਕੈ ਸਾਹਿ ਜੀਉ ॥



Sri Satguru Jagjit Singh Ji eLibrary NamdhariElibrary@gmail.com

ਸਤਿ ਸਾਚੁ ਸ੍ਰੀ ਨਿਵਾਸੁ ਆਦਿ ਪੁਰਖੁ ਸਦਾ ਤੁਹੀ
ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿ ਜੀਉ ॥੩॥੮॥

ਇਸ ਤੋਂ ਅਗਲੇ ਸਵੱਈਏ ਵਿੱਚ ਸਤਿਗੁਰੂ ਨੂੰ ਗੁਬਿੰਦ ਜੀਉ ਨਾਲ ਤੁਲਨਾ ਦਿੰਦਿਆਂ ਮੱਛ ਕੱਛ ਬਰਾਹ ਅਵਤਾਰ ਦੱਸਦਿਆਂ ਜਮਨਾ ਦੇ ਪਾਣੀਆਂ ਵਿੱਚ ਗੇਂਦ ਖੇਡਣ ਦਾ ਜ਼ਿਕਰ ਹੈ।

ਕ੍ਰਿਸ਼ਨ ਕਾਂਤ ਜੀ ਨੇ ਸਭ ਧਿਆਨ ਨਾਲ ਸੁਣਿਆ ਅਤੇ ਸਿਰ ਹਿਲਾਇਆ। ਦਰ ਅਸਲ ਉਹਨਾਂ ਨੂੰ ਦਸਿਆ ਗਿਆ ਸੀ ਕਿ ਸ੍ਰੀ ਗਰੰਥ ਸਾਹਿਬ ਵਿੱਚ ਅਜਿਹੀ ਰਚਨਾ ਹੈ ਜੋ ਕ੍ਰਿਸ਼ਨ, ਰਾਮ ਅਤੇ ਹਿੰਦੂ ਅਵਤਾਰਾਂ ਦੇ ਰੂਪਾਂ ਨੂੰ ਗੁਰੂ ਸਾਹਿਬਾਨ ਵਿਚ ਵਿਦਮਾਨ ਕਰਦੀ ਹੈ। ਪਰ ਉਹ ਕੋਈ ਗੱਲ ਵੇਖਣ ਪਰਖਣ ਤੋਂ ਬਗੈਰ ਪਰਵਾਨ ਨਹੀਂ ਸਨ ਕਰ ਸਕਦੇ।

ਮੈਂ ਕ੍ਰਿਸ਼ਨ ਕਾਂਤ ਜੀ ਨੂੰ ਪੁਛਿਆ ਕਿ ਅੱਜ ਕਲ ਕੀ ਪ੍ਰੋਗਰਾਮ ਚਲ ਰਿਹਾ ਹੈ। ਕਹਿਣ ਲਗੇ ਲਾਲਾ ਲਾਜਪਤ ਰਾਏ ਫਾਊਂਡੇਸ਼ਨ ਚੰਡੀਗੜ੍ਹ, ਦੀਆਂ ਸਰਗਰਮੀਆਂ ਨਾਲ ਜੁੜਿਆ ਹੋਇਆ ਹਾਂ। ਉਹਨਾਂ ਮੈਨੂੰ ਵੀ ਪ੍ਰੇਰਿਆ ਅਤੇ ਨਾਮਧਾਰੀਆਂ ਨੂੰ ਨਾਲ ਜੋੜਨ ਵਾਸਤੇ ਕਿਹਾ। ਮੈਂ ਉਹਨਾਂ ਨੂੰ ਕਿਹਾ ਕਿ ਸ. ਹੰਸਪਾਲ ਜੀ ਨੂੰ ਕਿਹਾ ਜਾਵੇ......

ਮੈਂ ਕਛਹਿਰਾ ਬੁਨੈਣ ਵਿਚ ਹੀ ਸਾਂ ਤੇ ਇਵੇਂ ਹੀ ਉਹਨਾਂ ਨੂੰ ਵਿਦਾ ਕੀਤਾ ਉਹ ਬੜੇ ਸਾਧਾਰਨ ਰੂਪ ਵਿੱਚ ਹੌਲੀ ਹੌਲੀ ਪੈਦਲ ਚਲਦੇ ਹੋਏ ਚਲੇ ਗਏ।

ਇਕ ਵਾਰ ਹਿੰਦ ਸਮਾਚਾਰ ਵਲੋਂ ਜਾਰੀ ਸ਼ਹੀਦ ਪਰਿਵਾਰ ਫੰਡ ਦੇ ਵੰਡ ਸਮਾਰੋਹ ਵਿੱਚ ਉਹਨਾਂ ਨਾਲ ਮੁਲਾਕਾਤ ਹੋਈ ਤੇ ਉਹ ਸਭ ਤੋਂ ਪਿਛਲੀਆਂ ਕੁਰਸੀਆਂ ਤੇ ਆਰਾਮ ਨਾਲ ਬੈਠੇ ਰਹੇ ਬਾਕੀ ਦੇ ਹਿਮਾਤੜ ਅਗਲੀਆਂ ਕੁਰਸੀਆਂ ਮਲ ਕੇ ਡੱਟੇ ਰਹੇ।

ਫੇਰ ਉਹ ਗਵਰਨਰ ਬਣੇ ਤੇ ਉਪ ਰਾਸ਼ਟਰਪਤੀ। ਮੈਂ ਉਚੀਆਂ ਪਦਵੀ ਵਾਲਿਆਂ ਨਾਲ ਸੰਪਰਕ ਤੋਂ ਝਿਜਕ ਜਾਂਦਾ ਹਾਂ। ਉਹ ਚਲੇ ਗਏ ਹਨ। ਪਿਛਲੀ ਪੀੜੀ ਦੇ ਲੋਕ ਜੋ ਇਮਾਨਦਾਰ ਸਨ, ਸੇਵਕ ਸਨ, ਹਲੀਮ ਸਨ ਹਰ ਵੇਲੇ ਕਿਸੇ ਦੇ ਕਮ ਆਉਣ ਲਈ ਤਤਪਰ ਸਨ, ਜਾ ਰਹੇ ਹਨ। ਯਾਦਾਂ ਬਖੇਰਦੇ। ਅਫਸੋਸ ਤੇ ਹੈ ਪਰ ਕਰ ਕੀ ਸਕਦੇ ਹਾਂ।

*—ਜਗਦੀਸ਼ ਸਿੰਘ*

## .ਗਜ਼ਲ

*—ਜਸਵੰਤ ਸਿੰਘ ਰਾਹੀ*

ਮੱਥਾ ਟੇਕਿਆਂ ਦੁਨੀਆ ਨਿਆਰੀ ਬਣ ਗਈ ਮੇਰੀ।
ਦਰਸ਼ਨ ਕੀਤਿਆਂ ਕਿਸਮਤ ਪਿਆਰੀ ਬਣ ਗਈ ਮੇਰੀ।

ਸਤਿਗੁਰੂ ਜਗਜੀਤ ਸਿੰਘ ਅੱਗੇ ਚੰਨ ਸੂਰਜ ਪਏ ਨਿੰਮ੍ਹੇ,
ਰੱਬੀ ਨੂਰ ਵੇਖਣ ਲਈ ਤਿਆਰੀ ਬਣ ਗਈ ਮੇਰੀ।

ਬਿਨਾ ਇਸ ਮਿਹਰ ਦੀ ਨਜ਼ਰੋਂ ਮੇਰਾ ਜੀਵਨ ਅਧੂਰਾ ਸੀ,
ਬੜੀ ਹੀ ਨਾਂ ਮਕੰਮਲ ਸੀ ਉਸਾਰੀ ਬਣ ਗਈ ਮੇਰੀ।

ਤੇਰੇ ਅੰਬਰੀਂ ਚੜ੍ਹੇ ਤਾਰੇ ਕਦੇ ਹੁੰਦੇ ਨਹੀਂ ਓਜਲ,
ਸਵਰਗੀਂ ਜਾਣ ਲਈ ਮਾਲਾ ਹੈ ਸਾਰੀ ਬਣ ਗਈ ਮੇਰੀ।

ਖੁਦਾ ਹੈ ਬਣ ਗਿਆ ਮਜਨੂੰ ਕੈਸੀ ਇਹ ਚਮਤਕਾਰੀ ਹੈ,
ਲੈਲਾ ਹੈ ਦੀਦ ਦੀ ਪਿਆਸੀ ਵਿਚਾਰੀ ਬਣ ਗਈ ਮੇਰੀ।

ਸੱਖਣੀ ਝੋਲ ਮੇਰੀ ਯਾਦ ਕਰ ਕਰ ਕੇ ਰਹੀ ਰੋਂਦੀ,
ਦਾਤਾਂ ਦੇ ਨਾਲ ਭਰਨੇ ਦੀ ਹੈ ਵਾਰੀ ਬਣ ਗਈ ਮੇਰੀ।

ਦਿਉ ਇਕ ਜਾਮ ਮਸਤੀ ਦਾ ਕਰੋ ਇਕ ਰਮਜ਼ ਦੀ ਸੈਣਤ,
ਤੁਹਾਡੇ ਦਰ ਤੇ ਜ਼ਿੰਦਾਗਾਨੀ ਭਿਖਾਰੀ ਬਣ ਗਈ ਮੇਰੀ।

ਨਾਨਕ ਦੀ ਜੋਤ ਦੇ ਸਾਗਰ ਮੈਨੂੰ ਹੁਣ ਗੋਦ ਵਿਚ ਲੈ ਲਉ,
ਆਖਾਂਗ ਨਾਲ ਅੱਲਾ ਦੇ ਹੈ ਯਾਰੀ ਬਣ ਗਈ ਮੇਰੀ।

### ਜਾਇਦਾਦ

ਸਵਾਇ ਕੁਝ ਜਰੂਰੀ ਵਸਤਾਂ ਦੇ, ਮੇਰੇ ਦਿਲ ਵਿਚ ਜਾਇਦਾਦ ਲਈ ਉੱਕਾ ਕੋਈ ਆਦਰ ਨਹੀਂ। ਜਾਇਦਾਦ ਨੂੰ ਸੰਭਾਲਦੇ ਫਿਰਨਾ ਮੈਨੂੰ ਇਕ ਬੋਝ ਲਗਦਾ ਹੈ। ਜੀਵਨ ਦੇ ਸਫਰ ਵਿਚ ਬੰਦੇ ਦਾ ਭਾਰ ਹਲਕਾ ਹੋਣਾ ਚਾਹੀਦਾ ਹੈ। ਆਦਮੀ ਨੂੰ ਧਰਤੀ ਦੇ ਇਕ ਟੁਕੜੇ ਨਾਲ ਜਾਂ ਇਕ ਮਕਾਨ ਨਾਲ ਜਾਂ ਐਸੇ ਕਿਸੇ ਹੋਰ ਚੀਜ਼ ਨਾਲ ਬੰਨ੍ਹਿਆ ਨਹੀਂ ਜਾ ਸਕਦਾ।

*—ਜਵਾਹਰ ਲਾਲ ਨਹਿਰੂ*

---

### ਨਿੰਦਿਆ

ਨਿੰਦਿਆ ਕਰਨ ਲਗਿਆਂ ਬਾਹਰੋਂ ਕੀਤੀ ਜਾਂਦੀ ਹੈ, ਪਰ ਮੁਨਸਫੀ ਕਰਨ ਲਗਿਆਂ ਅੰਦਰ ਜਾਣਾ ਪੈਂਦਾ ਹੈ।

*—ਟੈਗੋਰ, ਗੋਰਾ*



Sri Satguru Jagjit Singh Ji eLibrary NamdhariElibrary@gmail.com

Gram : 'SNIPER'

Hello : 431367

*Reputed Manufacturers of :*

**Superior Quality**

**SINGLE BARREL**

&

**DOUBLE BARREL**

**B. L. — 12 BORE**

**GUNS**

**MODERN GUN WORKS**

OPP. INDUSTRIAL ESTATE,
JAMMU CANTT.



Sri Satguru Jagjit Singh Ji eLibrary NamdhariElibrary@gmail.com

https://archive.org/details/namdhari

# ਇਕ ਅਨੁਭਵ

—ਤਰਲੋਕ ਮਨਸੂਰ

ਸੰਨ ੧੯੬੩- ਫੌਜ ਦੀ ਨੌਕਰੀ ਕਰਦਿਆਂ ਹੋਇਆਂ, ਮੈਂ ਇਕ ਅਜੀਬ ਤੇ ਆਨੰਦ-ਮਈ ਅਨੁਭਵ ਵਿਚੋਂ ਦੀ ਲੰਘਿਆ। ਜਿਸ ਨੇ ਮੇਰੀ ਸੋਚ, ਜ਼ਿੰਦਗੀ ਪ੍ਰਤੀ ਮੇਰਾ ਨਜ਼ਰੀਆ ਤੇ ਏਥੋਂ ਤਕ ਕਿ ਮੇਰੀ ਜੀਵਨ-ਜਾਚ ਹੀ ਬਦਲ ਕੇ ਰੱਖ ਦਿਤੀ।

ਜਨਵਰੀ ੧੯੬੩ ਪ੍ਰਮੋਸ਼ਨ ਉਤੇ ਮੇਰੀ ਬਦਲੀ ਪਰਤਾਪੁਰ ਸੈਕਟਰ ਦੀ ਹੋਈ। ਇਹ ਥਾਂ ਲੇਹ ਤੋਂ ਕੋਈ ਸੌ ਕੁ ਕਿਲੋਮੀਟਰ ਅਗੇ, ਚੀਨ ਵਾਲੇ ਪਾਸੇ ਹੈ। ਮੈਂ ਜੰਮੂ ਤੋਂ ਸੈਨਿਕ ਡਿਕੋਟੇ (ਹਵਾਈ ਜਹਾਜ਼) ਤੇ ਸਵਾਰ ਹੋਇਆ। ਡੇਢ ਘੰਟੇ ਦਾ ਸਫਰ, ਸਿਰੀ ਨਗਰ ਵਾਦੀ, ਜ਼ੋਜੀਲਾ ਪਾਸ, ਦਰਾਸ ਤੇ ਕਾਰਗਲ ਦੇ ਉਤੋਂ ਦੀ ਉਡਾਨ ਭਰਦਾ ਹੋਇਆ ਬਾਅਦ ਦੁਪਹਿਰ ਥਾਇਸੇ ਦੀ ਹਵਾਈ ਪੱਟੀ ਤੇ ਜਾ ਉਤਰਿਆ, ਜਿਥੋਂ ਜੀਪ ਦਵਾਰਾ ਪੰਦਰਾਂ ਕੁ ਮਿੰਟ ਦਾ ਸਫ਼ਰ ਤੇ ਮੈਂ ਪਰਤਾਪੁਰ ਵਿਚ ਸਾਂ। ਚੀਨ ਨਾਲ ਜੰਗ ਹੋ ਕੇ ਹਟੀ ਸੀ। ਫੌਜੀ ਭਾਈ ਬੰਕਰਾਂ ਵਿਚ ਰਹਿ ਰਹੇ ਸਨ। ਅਜੀਬ ਜਿਹਾ ਮਾਹੌਲ ਸੀ। ਪਰਤਾਪੁਰ ਇਕ ਉੱਚੀ ਪਹਾੜਾਂ 'ਚ ਘਿਰੀ ਵਾਦੀ ਦਾ ਨਾਂਅ ਹੈ। ਚਾਰ ਚੁਫੇਰੇ ਵੀਹ ਵੀਹ, ਇੱਕੀ ਇੱਕੀ ਹਜ਼ਾਰ ਫੁੱਟ ਉਚੇ ਬਰਫ ਨਾਲ ਕੱਜੇ ਪਹਾੜ ਗਿਆਰਾਂ ਕੁ ਹਜ਼ਾਰ ਫੁੱਟ ਦੀ ਉਚਾਈ ਤੇ ਵਹਿੰਦਾ ਦਰਿਆ ਸ਼ਿਉਕ, ਤੇ ਉਸ ਦੇ ਕੰਢੇ ਤੇ ਬਣੇ ਚੂਹਿਆਂ ਦੀਆਂ ਖੁੱਡਾ ਜਹੇ ਬੰਕਰ। ਚੌਗਿਰਦੇ ਤੇ ਇਕ ਭਿਆਨਕ ਚੁੱਪ ਦਾ ਰਾਜ। ਦੋ ਘੰਟੇ ਪਹਿਲਾਂ ਮੈਂ ਇਕ ਵਸਦੀ ਰਸਦੀ ਦੁਨੀਆਂ ਦਾ ਵਾਸੀ ਸਾਂ, ਸ਼ਹਿਰ ਸਨ, ਮੇਰੇ ਸਾਕ ਅੰਗ ਸਨ, ਜਾਣੇ ਪਛਾਣੇ ਲੋਕ ਸਨ ਤੇ ਸ਼ੋਰ-ਸ਼ਰਾਬੇ ਨਾਲ ਭਰੀ ਗਹਿਮਾ ਗਹਿਮ ਵਸਦੀ ਜ਼ਿੰਦਗੀ ਸੀ। ਤੇ ਹੁਣ ਕੇਵਲ ਦੋ ਘੰਟੇ ਬਾਦ ਹੀ ਸਭ ਕੁਝ ਬਦਲ ਗਿਆ ਸੀ। ਮੈਂ ਇਸ ਓਪਰੀ ਤੇ ਬੰਜਰ ਧਰਤੀ ਤੇ ਇਕ ਅਜਨਬੀ ਵਾਂਗ ਆਣ ਲੱਥਾ ਸਾਂ। ਚਾਰ ਚੁਫੇਰਾ ਵੀਰਾਨ ਜਿਹਾ, ਸੁੰਨ-ਮਸਾਨ। ਮਾਹੌਲ ਤੇ ਛਾਈ ਇਕ ਨਿਰੰਤਰ ਲੰਮੀ-ਚੁੱਪ। ਧਰਤੀ ਹੇਠ ਦੁਬਕੇ ਬੈਠੇ, ਮੇਰੀ ਨਵੀਂ ਦੁਨੀਆਂ ਦੇ ਲੋਕ। ਮੈਂ ਇਕ ਡੂੰਘੀ ਉਪਰਾਮਤਾ ਭਰੀ ਚੁੱਪ ਵਿਚ ਵਲ੍ਹੇਟਿਆ ਗਿਆ। ਮੈੱਸ ਤੇ ਗਿਆ, ਅਣਮੰਨੇ ਜਹੇ ਮਨ ਨਾਲ ਰੋਟੀ ਖਾਧੀ ਤੇ ਆਪਣੇ ਬੰਕਰ ਵਿਚ ਆ ਕੇ ਸਲੀਪਿੰਗ ਬੈਗ ਵਿਚ ਵੜ ਕੇ ਸੌਂ ਗਿਆ।

ਅਗਲੀ ਸਵੇਰ ਉਠਿਆ, ਗਰਮ ਪਾਣੀ ਨਾਲ ਇਸ਼ਨਾਨ ਕੀਤਾ, ਵਰਦੀ ਪਾਈ ਤੇ ਬੰਕਰ ਤੋਂ ਬਾਹਰ ਆਇਆ ਤਾਂ ਸਭ ਕੁਝ ਬਦਲਿਆ ਬਦਲਿਆ ਜਿਹਾ ਲੱਗਾ। ਮੇਰਾ ਥਕੇਵਾਂ ਲਹਿ ਚੁਕਾ ਸੀ। ਮੈਂ ਤਰੋ-ਤਾਜ਼ਾ ਮਹਿਸੂਸ ਕਰ ਰਿਹਾ ਸੀ। ਨਿਕਲਦੇ ਸੂਰਜ ਦੀ ਸੁਨਹਿਰੀ ਧੁੱਪ ਬਰਫ-ਕੱਜੀਆਂ ਚੋਟੀਆਂ ਤੇ ਪੈ ਕੇ ਇਕ ਸੋਹਜ-ਮਈ ਸੁੰਦਰਤਾ ਦਾ ਪਰਕਾਸ਼ ਕਰ ਰਹੀ ਸੀ। ਤਾਪਮਾਨ ਜ਼ੀਰੋ ਡਿਗਰੀ ਤੋਂ ਥਲੇ ਚਲਾ ਗਿਆ ਹੋਇਆ ਸੀ। ਕਲ੍ਹ ਸ਼ਾਮੀ ਜੋ ਸ਼ਿਉਕ ਦਰਿਆ ਕਲ ਕਲ ਕਰਦਾ ਵਹਿ ਰਿਹਾ ਸੀ, ਹੁਣ ਜੰਮ ਕੇ ਬਰਫ ਦੀ ਇਕ ਵਿਸ਼ਾਲ ਸਿਲ ਬਣਿਆ ਪਿਆ ਸੀ। ਜਿਸ ਉਤੇ ਦੋ ਤਿੰਨ ਜਵਾਨ ਫਿਰਦੇ ਵੀ ਮੇਰੀ ਨਜ਼ਰੀਂ ਪਏ। ਚੌਗਿਰਦਾ ਨ੍ਹਾਤਾ ਧੋਤਾ ਤੇ ਉਜਲਾ ਉਜਲਾ ਲਗ ਰਿਹਾ ਸੀ। ਮੈਂ ਚਾਰ ਚੁਫੇਰੇ ਵਾਦੀ ਨੂੰ ਪਹਿਰੇਦਾਰਾਂ ਵਾਂਗ ਘੇਰੀ ਖਲੋਤੇ ਪਹਾੜਾਂ ਤੇ ਨਜ਼ਰ ਫੇਰੀ। ਇਕ ਦਰਿਸ਼ ਤੇ ਮੇਰੀ ਉਤਸੁਕ ਨਜ਼ਰ ਜੰਮ ਕੇ ਰਹਿ ਗਈ।

ਜਿਥੇ ਮੈਂ ਖੜਾ ਸਾਂ ਉਥੋਂ ਕੋਈ ਦੋ ਢਾਈ ਹਜ਼ਾਰ ਫੁੱਟ ਦੀ ਉਚਾਈ ਤੇ ਨੀਲੀ ਭਾਹ ਮਾਰਦਾ ਚਿੱਟਾ ਖੰਭਾ ਖੜ੍ਹਾ ਸੀ। ਜਿਸ ਦੀ ਲੰਬਾਈ ਦਾ ਵੀ ਮੈਂ ਅੰਦਾਜ਼ਾ ਲਾਇਆ—ਇਹ ਡੇਢ ਦੋ ਹਜ਼ਾਰ ਫੁੱਟ ਦਾ ਤਾਂ ਹੋਵੇਗਾ ਹੀ। ਕੋਲ ਖੜੇ ਮੇਰੇ ਅਰਦਲੀ ਨੇ ਦਸਿਆ— ਸ੍ਰਾਬ, ਯਿਹ ਜੋ ਬਰਫ ਹੈ ਨਾ ਧੂਪ ਮੇਂ ਪਿਘਲਤਾ ਹੈ। ਪਹਾੜ ਸੇ ਪਾਨੀ ਗਿਰਤਾ। ਧਾਰਾ ਬਨ ਕੇ ਨੀਚੇ ਗਿਰਤਾ ਹੈ, ਜਿਧਰ ਗਿਰਤਾ ਹੈ, ਵਹਾਂ ਬਹੁਤ ਗਹਿਰਾ ਖੱਡਾ, ਫਿਰ ਯਹਿ ਨਾਲਾ ਬਨ ਕੇ ਇਧਰ ਦਰਿਆ ਮੇਂ ਗਿਰਤਾ। ਦਿਨ ਮੇਂ, ਚਲਤਾ ਹੈ, ਹਮ ਲੋਗ ਇਸੀ ਕਾ ਪਾਨੀ ਪੀਤਾ, ਰਾਤ ਕੋ ਠੰਡੀ ਹਵਾ ਚਲਤਾ ਹੈ, ਪਾਨੀ ਜੰਮ ਜਾਤਾ ਹੈ। ਯਿਹ ਵੁਹ ਜੰਮੀਂ ਧਾਰਾ ਖੰਭਾ ਨਜ਼ਰ ਆਤੀ ਹੈ।

ਕਮਾਲ ਸੀ। ਕੁਦਰਤ ਏਡੀ ਹੁਸੀਨ ਏਨੀ ਰਹਿਸ-ਮਈ ਹੋ ਸਕਦੀ ਹੈ ? ਕਦੇ ਸੋਚਿਆ ਵੀ ਨਹੀਂ ਸੀ। ਪਹਿਲੀ ਵਾਰ ਇਸ ਤਥ ਦਾ ਵੀ ਅਹਿਸਾਸ ਹੋਇਆ, ਕਿ ਮਨੁੱਖ ਜਿਸ ਭਾਵ-ਦਸ਼ਾ ਨਾਲ ਜਗਤ ਨੂੰ ਵੇਖਦਾ ਹੈ, ਇਹ ਉਸੇ ਰੰਗ ਵਿਚ ਰੰਗਿਆ ਜਾਂਦਾ ਹੈ। ਉਸੇ ਤਰ੍ਹਾਂ ਦਾ ਨਜ਼ਰ ਆਉਂਦਾ ਹੈ। ਦੁਖੀ ਆਦਮੀ ਨੂੰ ਇਹ ਜਗਤ ਨਰਕ ਤੇ ਰੱਬ ਵਲੋਂ ਦਿਤਾ ਹੋਇਆ ਸਰਾਪ ਨਜ਼ਰ ਆਉਂਦਾ ਹੈ, ਤੇ ਪ੍ਰਸੰਨ-ਚਿਤ ਬੰਦੇ ਲਈ ਇਹੀ ਜਗਤ ਸਵਰਗ ਨਿਆਈਂ ਹੋ ਜਾਂਦਾ ਹੈ। ਮੈਂ ਕੱਲ੍ਹ ਵਾਲਾ ਆਦਮੀ ਹੀ ਸਾਂ ਪਰ ਹੁਣ ਕੱਲ੍ਹ ਵਾਲਾ ਨਹੀਂ ਸਾਂ ਰਿਹਾ।

ਮੈਂ ਕੇਡੀ ਸੋਹਣੀ ਥਾਂ ਤੇ ਆ ਗਿਆ ਹਾਂ ? ਮੈਂ ਕੇਡਾ ਭਾਗ-ਸ਼ਾਲੀ ਹਾਂ ?

ਮੈਂ ਬਰਫ ਦੇ ਖੰਭੇ ਤਕ ਜਾਣ ਦਾ, ਤੇ ਉਸ ਨੂੰ ਛੂਹ ਕੇ ਵੇਖਣ ਦਾ ਮਨ ਬਣਾ ਲਿਆ।

ਅਰਦਲੀ ਨੂੰ ਕੁਝ ਹਦਾਇਤਾਂ ਦੇ ਕੇ, ਮੈਂ ਇਕੱਲਾ ਹੀ ਪਹਾੜ ਦੀ ਚੜ੍ਹਾਈ ਚੜ੍ਹਨ ਲਗਾ। ਪੰਜ ਸੱਤ ਸੌ ਫੁਟ ਚੜ੍ਹ ਕੇ ਹਫ ਜਾਂਦਾ ਤਾਂ ਰੁਕ ਕੇ ਚਾਰ ਚੁਫੇਰੇ ਨੂੰ ਨਿਹਾਰਦਾ, ਹੇਠਾਂ ਰਹਿ ਗਏ ਸ਼ਿਉਕ ਦਰਿਆ ਤੇ ਮੈੱਸ ਚੋਂ ਉੱਠ ਰਹੇ ਧੂੰਏਂ ਉਤੇ ਝਾਤ ਪਾਂਦਾ, ਆਪਣੇ ਆਪ ਨੂੰ ਤਰੋਤਾਜ਼ਾ ਕਰਦਾ ਤੇ ਫਿਰ ਚੜ੍ਹਾਈ ਸ਼ੁਰੂ ਕਰ ਦੇਂਦਾ। ਅਖੀਰ ਦੋ ਕੁ ਘੰਟੇ ਵਿਚ ਮੈਂ ਉਸ



Sri Satguru Jagjit Singh Ji eLibrary NamdhariElibrary@gmail.com

ਅਦਭੁਤ ਖੰਭੇ ਕੋਲ ਜਾ ਖਲੋਤਾ।

ਸੁੰਦਰ, ਅਤੀ ਸੁੰਦਰ, ਕੁਦਰਤ ਦਾ ਕਰਿਸ਼ਮਾ ਵਗਦਾ ਤੇ ਜਿਊਂਦਾ ਪਾਣੀ, ਠੰਡੀ ਹਵਾ ਦੀ ਇਕੋ ਛੁਹ ਨਾਲ ਕੁਤਬ ਦੀ ਲਾਟ ਬਣ ਕੇ ਰਹਿ ਗਿਆ ਸੀ। ਇਹ ਖੰਭਾ ਮੇਰੇ ਕਲਾਵੇ ਵਿਚ ਆ ਜਾਣ ਦੀ ਮੁਟਾਈ ਦਾ ਸੀ, ਪਰ ਮੇਰੀ ਪਹੁੰਚ ਤੋਂ ਪਰ੍ਹਾਂ ਸੀ। ਥਲੇ ਝਾਤ ਪਾਈ ਸੈਂਕੜੇ ਫੁੱਟ ਡੂੰਘੀ ਖੱਡ ਸੀ। ਪਿਛਾਂਹ ਹਟ ਕੇ ਬਹਿ ਗਿਆ।

ਸਭ ਕੁਝ ਏਡਾ ਹੁਸੀਨ ਸੀ ਕਿ ਕਹਿਣ-ਕਥਨ ਤੋਂ ਬਾਹਰਾ। ਉਸ ਨੂੰ ਸਿਰਫ ਮਾਣਿਆ ਜਾ ਸਕਦਾ ਸੀ, ਉਸ ਬਾਰੇ ਕੁਝ ਕਹਿਣਾ ਆਪਣੇ ਆਪ ਨੂੰ ਨਿਰੋਲ ਮੂਰਖ ਸਾਬਿਤ ਕਰਨਾ ਸੀ ।

ਗੁਣ-ਵਤਾ ਪੱਖ ਤੋਂ ਜਿਵੇਂ ਅਸੀਂ ਆਤਮਾ ਦੀਆਂ ਤਿੰਨ ਡਿਗਰੀਆਂ ਨਿਰਧਾਰਤ ਕਰਦੇ ਹਾਂ– ਆਤਮਾ, ਮਹਾਤਮਾ ਤੇ ਪਰਮਾਤਮਾ, ਤਿਵੇਂ ਹੀ ਮੈਂ ਸਮਝਦਾ ਹਾਂ ਕਿ ਚੁੱਪ ਨੂੰ ਵੀ ਤਿੰਨ ਤਲਾਂ ਤੇ ਵੰਡਿਆ ਜਾ ਸਕਦਾ ਹੈ–ਚੁੱਪ, ਮਹਾਂ-ਚੁਪ ਜਾਂ ਮਹਾਂ-ਖਾਮੋਸ਼ੀ ਤੇ ਪਰਮ-ਚੁੱਪ।

ਜਦੋਂ ਰਾਤ ਪੈਂਦੀ ਹੈ ਜਾਂ ਬੰਦਾ ਕਿਸੇ ਏਕਾਂਤ ਥਾਂ ਤੇ ਜਾ ਖਲੋਂਦਾ ਹੈ। ਜਿਥੇ ਦੁਨੀਆ ਭਰ ਦਾ ਸ਼ੋਰ-ਸ਼ਰਾਬਾ, ਤੇ ਰੌਲਾ-ਗੌਲਾ ਬੰਦ ਹੋ ਜਾਂਦਾ ਹੈ ਤਾਂ ਚੌਫੇਰੇ ਇਕ ਚੁੱਪ ਵਿਆਪ ਜਾਂਦੀ ਹੈ। ਜਦੋਂ ਮਨੁੱਖ ਦੀ ਲੁਤਰ ਲੁਤਰ ਕਰਦੀ ਜੀਭ ਸ਼ਾਂਤ ਹੋ ਜਾਂਦੀ ਹੈ ਤਾਂ ਇਹੀ ਚੁੱਪ ਮਹਾਂ-ਚੁਪ ਹੋ ਜਾਂਦੀ ਹੈ, ਤੇ ਜਦੋਂ ਮਨੁੱਖ ਦੇ ਅੰਦਰ ਦਾ ਕੁਲਾਹਲ ਵਿਚਾਰਾਂ ਦਾ ਰੌਲਾ ਗੌਲਾ ਖਤਮ ਹੋ ਜਾਂਦਾ ਹੈ ਜਾ ਕਹਿ ਸਕਦੇ ਹਾਂ ਕਿ ਜਦੋਂ ਮਨੁੱਖ ਮਨ ਤੋਂ ਪਾਰ ਹੋ ਜਾਂਦਾ ਹੈ ਤਾਂ ਉਹ ਪਰਮ-ਚੁੱਪ ਵਿਚ ਜਾਗਦਾ ਹੈ।

ਮੇਰੇ ਚੰਗੇ ਭਾਗ, ਕੁਝ ਪਲਾਂ ਲਈ ਮੇਰੇ ਤੇ ਰੱਬੀ-ਰਹਿਮਤ ਦੀ ਬਰਸਾਤ ਹੋਈ। ਮੈਂ ਮੋਹਿਆ ਗਿਆ। ਵਿਸਮਾਦ ਵਿਸਮਾਦ ਹੋਇਆ। ਮੇਰੀ ਚੇਤਨਾ ਪ੍ਰਚੰਡ ਹੋਈ। ਮੈਂ ਮਾਨਸ ਤੋਂ ਦੇਵਤਾ ਹੋਇਆ। ਮੈਂ ਇਕ ਵਿੱਥ ਤੇ ਖੜ੍ਹਾ ਸਾਂ, ਨਿਰੋਲ ਚੇਤਨਾ ਰੂਪ, ਇਕ ਅਹਿਸਾਸ ਮਾਤਰ, ਮੈਥੋਂ ਥੋੜਾ ਪਰੇ ਮੇਰਾ ਸਰੀਰ ਪਿਆ ਸੀ ਤੇ ਉਸ ਤੋਂ ਪਰੇ ਉਹ ਪਵਿਤਰ ਖੰਭਾ। ਨਿਰਾ ਜਾਦੂ। ਵਰਕ ਦਾ ਬੋਧ ਖਤਮ ਹੋਇਆ। ਸਰੀਰਕ ਹੋਂਦ ਦਾ ਅਹਿਸਾਸ ਮਿਟਿਆ। ਮੈਂ ਵਿਸਥਾਰ ਪਾ ਗਿਆ, ਫੈਲਿਆ ਸਾਰਾ ਬ੍ਰਹਿਮੰਡ ਮੇਰੇ ਕਲਾਵੇ ਵਿਚ ਸੀ। ਮੈਂ ਸਰਬ ਵਿਆਪਕ ਪਰਮਚੁੱਪ ਦੀ ਆਵਾਜ਼ ਸੁਣੀ। ਇਹ ਪੂਰੇ ਬ੍ਰਹਿਮੰਡ ਵਿਚ ਗੂੰਜ ਰਹੀ ਸੀ। ਇਹ ਸੰਗੀਤ-ਮਈ ਸੀ। ਨਿਰੰਤਰ ਵਹਿੰਦੀ ਇਕ ਸੁਰ-ਲਹਿਰੀ।

ਫਿਰ ਮੇਰੇ ਨੇੜਿਉਂ ਹੀ ਚਕੋਰ ਦੀ ਸ਼ਕਲ ਦਾ ਇਕ ਭਾਰਾ ਪੰਛੀ ਉਡਿਆ। ਮੇਰੀ ਸਮਾਧੀ ਟੁੱਟੀ। ਮੈਂ ਮੁੜ ਕੇ ਆਪਣੇ ਸਰੀਰ ਵਿਚ ਪਰਵੇਸ਼ ਕੀਤਾ। ਗੁੱਟ ਤੇ ਬੱਧੀ ਘੜੀ ਵੇਖੀ। ਪਹਾੜ ਤੋਂ ਉਤਰਦਿਆਂ ਹੋਇਆਂ, ਮੇਰੇ ਅੰਦਰ ਇਕ ਅਗੰਮੀ ਸਵਾਲ ਨੇ ਸਿਰ ਚੁਕਿਆ– ਮੈਂ ਕੌਣ ਹਾਂ – ? ਨਿਰ-ਆਕਾਰ, ਨਿਰ-ਰੂਪ ਜਿਹਾ ? ਮੈਂ ਕਿਥੋਂ ਆਇਆ ਸਾਂ ? ਕਿਥੇ ਜਾਵਾਂਗਾ ? ਉੱਤਰ ਮਿਲਿਆ– ਚੁੱਪ ਚੋਂ ਆਇਆ ਸਾਂ ਤੇ ਪਰਮ-ਚੁੱਪ ਵਿਚ ਹੀ ਸਮਾ ਜਾਵਾਂਗਾ। ਜਨਮ ਤੋਂ ਪਹਿਲਾਂ ਤੇ ਮੌਤ ਤੋਂ ਬਾਦ ਦੇ ਜੀਵਨ ਦੀ ਜਨਮ-ਭੂਮੀ ਪਰਮ-ਚੁੱਪ ਦੀ ਧਰਤੀ ਹੀ ਹੈ।

ਉਹ ਦਿਨ ਤੇ ਆਹ ਦਿਨ। ਮੈਂ ਅੰਮ੍ਰਿਤ ਵੇਲੇ ਉਠਦਾ ਹਾਂ। ਇਸ਼ਨਾਨ ਕਰਦਾ ਹਾਂ, ਤੇ ਪਰਮ-ਚੁੱਪ ਦੀ ਵਾਦੀ ਵਲ ਦੀ ਉਡਾਨ ਭਰਦਾ ਹਾਂ। ਉਸ ਇਕਾਗਰਤਾ ਵਿਚ ਮੇਰੇ ਹਿਰਦੇ ਵਿਚ ਪਰੇਮ ਦਾ ਵਾਸ ਹੋਂਦਾ ਹੈ, ਤੇ ਸਰਸ਼ਾਰ ਹੋਈ ਦੇਹ ਵਿਚੋਂ ਫੁਲਾਂ ਦੀ ਮਹਿਕ ਆਉਂਦੀ ਹੈ। ਆਪਣ ਆਪਾ ਬਹੁਤ ਪਿਆਰਾ ਲਗਦਾ ਹੈ। ਮੈਂ ਕਹਿ ਉਠਦਾ ਹਾਂ–

ਇਕਾਗਰਤਾ ਹੈ–ਤਨਿਹਾਈ ਹੈ–
ਇਹੁ ਜਹੇ ਪਲਾਂ' ਚ ਮੈਨੂੰ, ਮੁਹਬਤ ਮਿਲਨ ਆਈ ਹੈ।
ਦੇਹ ਹੈ ਕਿ ਫੁੱਲ ਹੈ ?
ਖੁਸ਼ਬੂ ਹੀ ਖੁਸ਼ਬੂ ਹੈ।
ਅੱਖਾਂ ਨੂੰ ਵਰਦਾਨ ਮਿਲਿਆ ਹੈ–
ਜਿਧਰ ਵੇਖਦਾ ਹਾਂ–ਤੂ ਹੀ ਤੂ ਹੈ।
ਹੇ–ਮੁਹਬਤ ਬਲਿਹਾਰ ਤੇਰੇ ਤੋਂ–
ਮੈਂ ਸਦਕੇ ਮੈਂ ਵਾਰੀ।

ਤੇਰੀ ਛੁਹ ਮਿਲੀ–
ਜ਼ੱਰੇ' ਚ ਸੂਰਜ ਦਾ ਪਰਵੇਸ਼ ਹੋਇਆ ਹੈ।
ਹਨੇਰੇ ਤੋਂ ਚਾਨਣ ਵਲ ਦਾ ਸਫਰ ਕੀਤਾ ਹੈ–
ਇਹ ਬੰਦਾ ਨਾਚੀਜ਼ ਵੀ, ਦਰਵੇਸ਼ ਹੋਇਆ ਹੈ।
ਤੇ ਸਹਿਜੇ ਮਿਲੇ ਗੁਰ-ਪ੍ਰਸ਼ਾਦ ਵਾਂਕਣ
ਇਸ ਰਹਿਸ ਦਾ ਆਵੇਸ਼ ਹੋਇਆ ਹੈ- ਕਿ
ਜ਼ਿੰਦਗੀ ਚੁੱਪ ਤੋ ਚੁੱਪ ਤਕ ਦੇ ਸਫਰ ਦਾ ਨਾਂਅ ਹੈ।

ਜ਼ਿੰਦਗੀ– ਨਦੀ ਤੇ ਪੈ ਰਹੀ ਕਿਸੇ ਬਿਰਛ ਦੀ–
ਛਿਨ-ਭੰਗਰੀ ਜਹੀ ਛਾਂ ਹੈ।
ਤੇ ਇਕਾਗਰਤਾ, ਤਨਿਹਾਈ ?
ਚੁੱਪ ਵਲ ਦੇ ਸਫਰ ਦਾ ਆਗਾਜ਼ ਹੈ।
ਸੰਪੂਰਨ, ਆਨੰਦ-ਮਈ ਜਗਤ ਵਲ ਪ੍ਰਵਾਜ਼ ਹੈ।

ਮੈਂ ਰੱਬ ਅਗੇ ਅਰਦਾਸ ਕਰਦਾ ਹਾਂ ਕਿ ਪਰਮ-ਚੁੱਪ ਦਾ ਸੰਗੀਤ ਸੁਹਾਨਾ, ਤੁਹਾਡੇ ਸਰਿਆਂ ਦੇ ਹਿਰਦਿਆਂ ਉਤੇ ਵੀ ਰੱਬੀ-ਰਹਿਮਤ ਬਣ ਕੇ ਵਰ੍ਹੇ। ਤੁਸੀਂ ਚੁੱਪ ਦੀ ਆਵਾਜ਼ ਸੁਣ ਸਕੋ।

ਪਿਛੋਂ ਸੁਝਿਆ ਖਿਆਲ–

ਇਸ ਘਟਨਾ ਤੋਂ ਬਾਦ ਮੈਨੂੰ ਏਸ ਗੱਲ ਦਾ ਵੀ ਗਿਆਨ ਹੋਇਆ ਸੀ ਕਿ ਸੰਨਿਆਸੀ ਲੋਕ ਕਿਉਂ ਹਿਮਾਲੀਆ ਵਲ ਨੂੰ ਦੌੜਦੇ ਹਨ। ਤੇ ਨਾਲੇ ਬਹੁਤੇ ਫੌਜੀ ਵੀਰ ਕਿਉਂ ਸਾਧੂ ਬਿਰਤੀ ਦੇ ਧਾਰਨੀ ਹੋ ਜਾਂਦੇ ਹਨ।

**੧੬੦, ਫੈਕਟਰੀ ਏਰੀਆ**
**ਗੋਇੰਦਵਾਲ ਸਾਹਿਬ**

(ਨਵੀਂ ਛਪੀ ਪੁਸਤਕ "ਚੁਪ ਦੀ ਆਵਾਜ਼ ਸੁਣੋ" ਚੋਂ)



Sri Satguru Jagjit Singh Ji eLibrary NamdhariElibrary@gmail.com

# "ਜਬ ਰੂਸ ਪੰਜਾਬ ਆਵੇ"

## ਨਵਾਂ ਰੁਖ—ਨਵਾਂ ਦ੍ਰਿਸ਼ਟੀਕੋਣ

*—ਸਵਰਨ ਸਿੰਘ ਸਨੇਹੀ*

ਭਾਈ ਚੰਦਾ ਸਿੰਘ ਪ੍ਰਸਿਧ ਨਾਮਧਾਰੀ ਕਵੀ ਹੋਏ ਹਨ ਜਿਨ੍ਹਾਂ ਦੀ ਇਕੋ ਇਕ ਰਚਨਾ 'ਬਾਰਾਂਮਾਹ' ਸਾਡੇ ਤਕ ਪਹੁੰਚੀ ਹੈ। ਇਹ ਬਾਰਾਂਮਾਹ ਉਨ੍ਹੀਵੀ ਸਦੀ ਦੇ ਨਾਮਧਾਰੀਆਂ ਵਿੱਚ ਬਹੁਤ ਹਰਮਨ ਪਿਆਰਾ ਰਿਹਾ ਹੈ। ਇਸਦਾ ਆਮ ਲੋਕਾਂ ਤੇ ਇਨ੍ਹਾਂ ਪ੍ਰਭਾਵ ਪੈਂਦਾ ਸੀ ਕਿ ਅੰਗਰੇਜ਼ ਸਰਕਾਰ ਇਸ ਨੂੰ ਕੈਰੀ ਅਖੇ ਦੇਖਦੀ ਸੀ। ਇਸ ਦਾ ਇਕ ਕਾਰਨ ਇਹ ਵੀ ਸੀ ਕਿ ਇਸ ਵਿੱਚ ਬਰਤਾਨੀਆਂ ਦੇ ਵਿਰੋਧੀ ਰੂਸ ਦਾ ਜ਼ਿਕਰ ਪ੍ਰਸੰਸਾਤਮਕ ਰੂਪ ਵਿੱਚ ਕੀਤਾ ਗਿਆ ਹੈ। ਇਸ ਦਾ ਇਕ ਬੰਦ ਤਾਂ ਆਮ ਲੋਕਾਂ ਦੇ ਮੂੰਹ ਚੜ੍ਹ ਚੁਕਾ ਸੀ ਤੇ ਪਹਿਲੀ ਸਤਰ ਕਹਾਵਤ ਵਾਂਗ ਲੋਕ ਵਰਤੋਂ ਵਿੱਚ ਆ ਗਈ ਸੀ। ਇਹ ਬੰਦ ਇਸ ਤਰ੍ਹਾਂ ਹੈ :

**ਜਦ ਰੂਸ ਪੰਜਾਬੇ ਆਵੇ,**
**ਪਵੇ ਕਾਲ ਮੁਲਖ ਰੁਲ ਜਾਵੇ,**
**ਦੁਨੀਆਂ ਮਰੇ ਅੰਨ ਦੇ ਹਾਵੇ,**
**ਠਗ ਚੋਰ ਬਹੁ ਲੁਟ ਲੁਟ ਖਾਵੇ,**
**ਬਚੇ ਸੋ ਜੋ ਗੁਰ ਸਰਨੀ ਆਵੇ,**
**ਇਕ ਮਨ ਹੋ ਕੇ ਨਾਮ ਧਿਆਵੇ, ਉਸ ਅਕਾਲ ਦਾ।**

ਪੁਰਾਤਨ ਨਾਮਧਾਰੀ ਸਾਹਿਤ ਵਿੱਚ ਸਤਿਗੁਰੂ ਰਾਮ ਸਿੰਘ ਜੀ ਦੀ ਦੇਸ ਵਾਪਸੀ ਦਾ ਸੰਬੰਧ ਰੂਸ ਦੀ ਭਾਰਤ ਵਿਚ ਆਮਦ ਨਾਲ ਜੁੜਿਆ ਹੋਇਆ ਹੈ। ਇਸੇ ਕਰਕੇ ਨਾਮਧਾਰੀਆਂ ਦਾ ਰੂਸ ਨਾਲ ਪਿਆਰ ਬਹੁਤ ਪੁਰਾਣਾ ਹੈ। ਇਕ ਵਿਸਵਾਸ ਇਹ ਵੀ ਹੈ ਕਿ ਬਰਮਾ ਵਿਚੋਂ ਅਲੋਪ ਹੋ ਜਾਣ ਪਿਛੋਂ ਸਤਿਗੁਰੂ ਜੀ ਰੂਸ ਵਲ ਨਿਕਲ ਗਏ ਸਨ ਤੇ ਉਸ ਧਰਤੀ ਤੇ ਵਿਚਰ ਰਹੇ ਹਨ। ਸ਼ਾਇਦ ਇਹੀ ਕਾਰਨ ਸੀ ਕਿ ਜਦੋਂ ਅੰਗਰੇਜ਼ਾਂ ਤੋਂ ਬਾਗੀ ਹੋ ਕੇ ਮਹਾਰਾਜਾ ਦਲੀਪ ਸਿੰਘ ੧੮੮੭ ਈ० ਵਿੱਚ ਰੂਸ ਗਿਆ ਸੀ ਤਦ ਉਸ ਦੀ ਭਾਲ ਵਿੱਚ ਤਿੰਨ ਨਾਮਧਾਰੀ ਸਿੰਘਾਂ ਦੇ ਰੂਸ ਵਿੱਚ ਦੇਖੇ ਜਾਣ ਦਾ ਜ਼ਿਕਰ ਸਰਕਾਰੀ ਲਿਖਤਾਂ ਵਿੱਚ ਵੀ ਮਿਲਦਾ ਹੈ।

ਭਾਈ ਚੰਦਾ ਸਿੰਘ ਦੇ ਇਸ ਬਾਰਾਂਮਾਹੇ ਵਿੱਚ ਰੂਸ ਪ੍ਰਤੀ ਉਹ ਭਾਵਨਾ ਉਜਾਗਰ ਹੁੰਦੀ ਹੈ ਜੋ ਜਾਂ ਤਾਂ ਉਸ ਸਮੇਂ ਦੇ ਨਾਮਧਾਰੀਆਂ ਦੇ ਹਿਰਦਿਆਂ ਵਿੱਚ ਕਾਇਮ ਸੀ ਤੇ ਜਾਂ ਜਿਹੋ ਜਿਹੇ ਸਬੰਧਾਂ ਦੀ ਉਹ ਕਾਮਨਾ ਕਰਦੇ ਸਨ। ਭਾਵੇ ਭੂਤਪੂਰਬ ਸੋਵੀਅਤ ਯੂਨੀਅਨ ਦੇ ਭਾਰਤ ਨਾਲ ਸਬੰਧ ਬਹੁਤ ਚੰਗੇ ਰਹੇ ਹਨ ਤੇ ਕਈ ਰੂਸੀ ਆਗੂ, ਇਤਿਹਾਸਕਾਰਾਂ ਤੇ ਸਾਹਿਤਕਾਰਾਂ ਨਾਮਧਾਰੀਆਂ ਨਾਲ ਮੇਲ ਮੁਲਾਕਾਤਾਂ ਤੇ ਸਬੰਧ ਸਥਾਪਤੀ ਵਲ ਵੇਲੇ ਕੁਵੇਲੇ ਧਿਆਨ ਦੇਣ ਦੀ ਚੇਸ਼ਟਾ ਕਰਦੇ ਰਹੇ ਹਨ ਫਿਰ ਵੀ ਵਰਤਮਾਨ ਰੂਸੀ ਆਗੂਆਂ ਨੇ ਭਾਰਤੰ-ਰੂਸ ਸਬੰਧ ਸਥਾਪਤੀ ਭਾਵਨਾ ਨੂੰ ਇਕ ਨਵਾਂ ਰੁਖ ਦੇਣਾ ਸ਼ੁਰੂ ਕੀਤਾ ਹੈ। ਉਨ੍ਹਾਂ ਦਾ ਦ੍ਰਿਸ਼ਟੀਕੋਣ ਰੂਸ ਦੇ ਕੌਮਪ੍ਰਸਤ ਆਗੂ ਜ਼ੀਰੀਨੋਵਸਕੀ ਦੀ ਪਿਛੇ ਜਹੇ (ਮਾਰਚ ੧੯੯੫) ਹੋਈ ਭਾਰਤ ਯਾਤਰਾ ਦੇ ਸਬੰਧ ਵਿੱਚ ਮਾਸਕੋ ਤੋਂ ਵਲਾਦੀਮੀਰ ਰਾਦੀਉਹੀਨ ਦੇ ਲਿਖੇ ਇਕ ਲੇਖ ਵਿਚੋਂ ਸਪਸ਼ਟ ਰੂਪ ਵਿੱਚ ਪ੍ਰਗਟ ਹੁੰਦਾ ਹੈ।

ਵਲਾਦੀਮੀਰ ਲਿਖਦਾ ਹੈ ਕਿ "ਰੂਸ ਦੇ ਅਤੀ ਕੌਮ ਪ੍ਰਸਤ ਆਗੂ ਵਲਾਦੀਮੀਰ ਜ਼ੀਰੀਨੋਵਸਕੀ ਦੀ ਭਾਰਤ ਯਾਤਰਾ ਰੂਸ ਨਾਲ ਇਕ ਅਜਿਹੇ ਦੂਰ-ਰਸ ਸੈਨਿਕ ਗਠਜੋੜ ਦੀ ਪੇਸ਼ਕਸ਼ ਕਰਨ ਵਾਸਤੇ ਹੈ ਜਿਹੜਾ ਦੋਹਾਂ ਦੇਸ਼ਾਂ ਦੀ ਸਾਂਝੀ ਸਰਹੱਦ ਦੀ ਸਥਾਪਨਾ ਨਾਲ ਸਿਰੇ ਚੜ੍ਹਨਾ ਚਾਹੀਦਾ ਹੈ।"

"ਮੈਨੂੰ ਨਿਸਚਾ ਹੈ ਕਿ ਭਾਰਤੀ ਲੋਕਾਂ ਦੀ ਬਹੁਗਿਣਤੀ ਭਾਰਤ-ਰੂਸ ਸਾਂਝੀ ਸਰਹੱਦ ਕਾਇਮ ਕਰਨ ਤੇ ਪ੍ਰਸੰਨ ਹੋਵੇਗੀ, "ਸਭਿਆਚਾਰਕ ਸਬੰਧਾਂ ਦੀ ਭਾਰਤੀ ਸੰਸਥਾਂ ਦੇ ਨਿਮੰਤ੍ਰਣ ਉਤੇ ਆਪਣੀ ਪਹਿਲੀ ਭਾਰਤ ਯਾਤਰਾ ਦੀ ਪੂਰਬ ਸੰਧਿਆ ਤੇ ਪੱਤਰਕਾਰਾਂ ਨਾਲ ਗਲਬਾਤ ਕਰਦਿਆ ਜ਼ੀਰੀਨੋਵਸਕੀ ਨੇ ਕਿਹਾ ਸੀ, "ਇਹ ਬਹੁਤ ਚੰਗੀ ਤੇ ਸ਼ਾਂਤੀ ਵਾਲੀ ਸਰਹੱਦ ਹੋਵੇਗੀ। ਇਹ ਚੰਗੀ ਤਾਂ ਹੋ ਸਕਦੀ ਹੈ ਪਰ ਪਾਕਿਸਤਾਨ ਤੇ ਅਫਗਾਨਿਸਤਾਨ ਦਾ ਕੀ ਬਣੇਗਾ ਜੋ ਭਾਰਤ ਤੇ ਰੂਸ ਦੇ ਵਿਚਾਲੇ ਪੈਂਦੇ ਹਨ ?" ਉਹਨੇ ਸੁਆਲ ਉਠਾਇਆ ਸੀ, "ਪਾਕਿਸਤਾਨ ਇਕ ਬਣਾਵਟੀ ਹੋਂਦ ਹੈ ਜੋ ਇਕ ਧਾਰਮਕ ਜਹਾਦ ਤੇ ਫਲਸਰੂਪ ਹੋਂਦ ਵਿੱਚ ਆਇਆ ਸੀ। ਪਿਛੇ ਜਾ ਕੇ ਇਸ ਵਿਚੋਂ ਹੀ ਬੰਗਲਾਦੇਸ਼ ਨਿਕਲਿਆ। ਇਹ ਕਿੰਨਾਂ ਕੁ ਚਿਰ ਚਲੇਗਾ ? ਮੈਂ ਇਸ ਗਲ ਦੇ ਹਕ ਵਿੱਚ ਹਾਂ ਕਿ ਭਾਰਤ



Sri Satguru Jagjit Singh Ji eLibrary NamdhariElibrary@gmail.com

ਜਿਸ ਤਰ੍ਹਾਂ ਠੀਕ ਸਮਝੇ ਇਸ ਸਮੱਸਿਆ ਨੂੰ ਸੁਲਝਾਵੇ। ਭਾਰਤੀ ਲੋਕਾਂ ਨੂੰ ਇਹ ਹੱਕ ਹੈ ਕਿ ਉਹ ਜਿਸ ਤਰ੍ਹਾਂ ਚਾਹੁਣ ਆਪਣੀਆਂ ਪੁਰਾਤਨ ਸਰਹੱਦਾਂ ਵਿੱਚ ਰਹਿੰਦਿਆਂ ਆਪਣੇ ਵਤਨ ਦੀ ਪੁਨਰਉਸਾਰੀ ਕਰਨ। ਰੂਸ ਆਪਣੇ ਤੌਰ ਤੇ ਦਖਣ ਨੂੰ ਹਿੰਦ ਮਹਾਂਸਾਗਰ ਵਲ ਧੱਕ ਦੇਵੇਗਾ। ਅਫਗਾਨਿਸਤਾਨ, ਇਰਾਨ ਤੇ ਤੁਰਕੀ ਦੇ ਟੁਕੜੇ ਕਰ ਦਿੱਤੇ ਜਾਣਗੇ, ਬਣਾਉਟੀ ਮੁਲਕਾਂ ਦੇ ਰੂਪ ਵਿੱਚ। ਹਿੰਦਮਹਾਂਸਾਗਰ ਦੇ ਨਿਘੇ ਪਾਣੀਆਂ ਵਿੱਚ ਰੂਸੀ ਫੌਜੀ ਆਪਣੇ ਬੂਟ ਧੋਣਗੇ ਅਤੇ ਰੂਸੀ ਗਿਰਜਿਆਂ ਦੀਆਂ ਟੱਲੀਆਂ ਤੁਰਕੀ ਦੇ ਸਾਗਰੀ ਤਟ ਤੇ ਵਜਣਗੀਆਂ (ਭਾਵ ਰੂਸ ਦੀਆਂ ਸਰਹੱਦਾ ਉਥੇ ਤਕ ਪੁਜ ਜਾਣਗੀਆਂ)।

ਇਹ ਜ਼ੀਰੀਨੋਂਵਸਕੀ ਦੇ ਚਿਤਵੇ ਨਵੇਂ ਵਿਸ਼ਵ ਦੀ ਰੂਪਰੇਖਾ ਹੈ ਜੋ ਉਸ ਨੇ ਆਪਣੀ ਪੁਸਤਕ "ਦਖਣ ਵਲ ਨੂੰ ਅੰਤਮ ਲਹਿਰ" ਵਿੱਚ ਉਲੀਕੀ ਹੈ। ਪਰ ਇਸ ਵਿੱਚ ਡਰਨ ਵਾਲੀ ਕੋਈ ਗਲ ਨਹੀਂ, ਭਾਰਤ ਰੂਸ ਦਾ ਸਰਬੋਤਮ ਮਿਤਰ ਰਹੇਗਾ।

ਭਾਰਤ ਇਕੋ ਇਕ ਅਜਿਹਾ ਦੇਸ਼ ਹੈ ਜਿਸ ਨਾਲ ਰੂਸ ਦੀ ਕਦੇ ਕੋਈ ਸਮੱਸਿਆ ਖੜ੍ਹੀ ਨਹੀਂ ਹੋਈ, "ਜ਼ੀਰੀਨੋਂਵਸਕੀ ਦਾ ਕਹਿਣਾ ਹੈ, "ਮੇਰੀ ਪਾਰਟੀ ਤੇ ਮੈਂ, ਸਾਰੇ ਰੂਸੀ ਲੋਕ ਭਾਰਤ ਪ੍ਰਤੀ ਬਹੁਤ ਦੋਸਤੀ ਦੀਆਂ ਭਾਵਨਾਵਾਂ ਰਖਦੇ ਹਨ।"

ਜ਼ੀਰੀਨੋਂਵਸਕੀ ਵਰਤਮਾਨ ਰੂਸ-ਭਾਰਤ ਸਬੰਧਾਂ ਤੋਂ ਪ੍ਰਸੰਨ ਨਹੀਂ। "ਹਿੰਦ ਨੂੰ ਰੂਸ ਦਾ ਪ੍ਰਮੁਖ ਵਪਾਰਕ ਭਾਈਵਾਲ ਬਣਨਾ ਚਾਹੀਦਾ ਹੈ ਪਰ ਸਾਨੂੰ ਭਾਰਤੀ ਮਾਲ ਬਹੁਤ ਘਟ ਮਿਲਦਾ ਹੈ। ਅਸੀਂ ਆਪਣੇ ਦੁਵਲੇ ਸਬੰਧਾਂ ਦੇ ਨਾਟਕੀ ਪਸਾਰ ਦੇ ਹਕ ਵਿੱਚ ਹਾਂ।"

ਜ਼ੀਰੀਨੋਂਵਸਕੀ ਦੀ ਭਾਰਤ ਯਾਤਰਾ, ਰੂਸ ਅਤੇ ਇਸ ਦੇ ਤੀਜੇ ਵਿਸ਼ਵ ਦੇ ਗੁਆਂਢੀ ਮੁਲਕਾਂ ਦੀ ਪੱਛਮ ਵਿਰੋਧੀ ਵਿਸ਼ਾਲ ਭਾਈਵਾਲ ਕਾਇਮ ਕਰਨ ਦੇ ਅਭਿਲਾਸ਼ੀ ਜਤਨ ਦਾ ਇਕ ਹਿਸਾ ਹੋ ਸਕਦੀ ਹੈ।

ਕੁਛ ਚਿਰ ਪਹਿਲਾਂ ਜ਼ੀਰੀਨੋਂਵਸਕੀ ਇਰਾਕ ਵੀ ਗਿਆ ਸੀ ਜਿਥੇ ਉਸ ਨੇ ਆਖਿਆ ਸੀ ਕਿ ਉਸ ਦਾ ਮਨੋਰਥ ਈਸਾਈ ਰੂਸ ਅਤੇ ਮੁਸਲਮ ਮੁਲਕਾਂ ਵਿਚਕਾਰ ਟਕਰ ਨੂੰ ਰੋਕਣਾ ਅਤੇ ਸਾਂਝੇ ਤੌਰ ਤੇ ਪਛਮ ਨਾਲ ਟਕਰ ਲੈਣ ਦੇ ਢੰਗ ਤਰੀਕਿਆਂ ਦੀ ਖੋਜ ਕਰਨਾ ਹੈ ਇਸ ਕੌਮਪ੍ਰਸਤ ਰੂਸੀ ਨੇਤਾ ਅਨੁਸਾਰ ਰੂਸ ਤੇ ਭਾਰਤ ਦਾ ਵੀ ਇਕੋ ਸਾਂਝਾ ਦੁਸ਼ਮਣ ਹੈ-ਪਛੱਮ। ਅਸੀਂ ਇਹ ਚਾਹੁੰਦੇ ਹਾਂ ਕਿ ਭਾਰਤ ਪਾਕਿਸਤਾਨ ਦਾ ਪੁਨਰ-ਏਕੀਕਰਨ ਹੋ ਜਾਵੇ ਜਦ ਕਿ ਪਛਮ ਦੇ ਜਤਨ ਭਾਰਤ ਦੇ ਟੁਕੜੇ ਕਰਨ ਦੇ ਹਨ। ਉਨ੍ਹਾਂ ਦੇ ਜਤਨ ਹਨ ਕਿ ਤਾਮਲਨਾਡੂ ਤੇ ਕਸ਼ਮੀਰ ਟੁਟ ਕੇ ਅਲਗ ਹੋ ਜਾਣ।"

ਪਿਛੇ ਜਿਹੇ ਲਿਖੇ ਆਪਣੇ ਇਕ ਪਰਚੇ ਵਿੱਚ, ਜੋ ਜ਼ੀਰੀਨੋਂਵਸਕੀ ਕਹਿੰਦਾ ਹੈ ਕਿ ਉਸਨੇ ਉਚ ਰੂਸੀ ਆਗੂਆਂ ਨੂੰ ਪੇਸ਼ ਕੀਤਾ ਹੈ, ਵਿਚ ਵੀ ਉਸ ਨੇ ਦਲੀਲ ਦਿਤੀ ਹੈ ਕਿ ਰੂਸ ਵਿੱਚ ਨਸਲੀ ਤੇ ਧਾਰਮਕ ਝਗੜੇ ਖੜੇ ਕਰਨ ਲਈ ਵੀ ਪਛਮ ਉਹੀ ਤੌਰ-ਤਰੀਕੇ ਅਪਣਾ ਰਿਹਾ ਹੈ ਜੋ ਉਸਨੇ ਪਹਿਲਾਂ ਭਾਰਤ, ਲਿਬਨਾਨ ਤੇ ਭੂਤਪੂਰਬ ਯੂਗੋਸਲਾਵੀਆ ਵਿਚ ਅਪਣਾਏ ਸਨ।

ਵਡੇ ਰਾਜਾਂ ਨੂੰ ਖਤਮ ਕਰਨ ਲਈ ਕੌਮਵਾਦ ਤੇ ਧਰਮਾਂ ਨੂੰ ਹਥਿਆਰਾਂ ਵਜੋ ਵਰਤਿਆ ਜਾ ਰਿਹਾ ਹੈ। ਭਾਰਤ, ਚੀਨ ਜਾਂ ਰੂਸ ਆਦਿ ਵੱਡੀਆਂ ਕੌਮਾਂ ਤੇ ਪਛਮ ਨੂੰ ਡਰ ਲਗਦਾ ਹੈ। ਇਨ੍ਹਾਂ ਦੀ ਥਾਂ ਕੌੜੀਆਂ ਦੀ ਗਿਣਤੀ ਵਿਚ ਨਿੱਕੀਆਂ ਕੌਮਾਂ ਦੇਖਣ ਨੂੰ ਉਹ ਪ੍ਰਾਥਮਿਕਤਾ ਦਿੰਦੇ ਹਨ ਜਿਨ੍ਹਾਂ ਦੀ ਲੁਟ-ਖਸੁਟ ਕਰਨੀ ਜਾਂ ਸਵਾਰਥੀ ਹਿਤਾਂ ਲਈ ਵਰਤੋਂ ਕਰਨੀ ਸੌਖੀ ਹੁੰਦੀ ਹੈ।"

ਜ਼ੀਰੀਨੋਂਵਸਕੀ ਨੂੰ ਪਛਮੀ ਪਰਚਾਰ ਮਾਧਿਅਮ ਅਕਸਰ ਬੇਤੁਕਾ ਮਸਖਰਾ ਕਹਿੰਦੇ ਹਨ ਉਹ ਉਸ ਰਾਜਨੀਤਕ ਸ਼ਕਤੀ ਵੀ ਪ੍ਰਤੀਨਿਧਤਾ ਕਰਦਾ ਹੈ ਜਿਸ ਦੀ ਲੋਕਪ੍ਰਿਯਤਾ ਯੈਲਸਤਨ ਸਰਕਾਰ ਦੀਆਂ ਵਡੀਆਂ ਭੁਲਾਂ ਤੇ ਅਸਫਲਤਾਵਾਂ ਦੀ ਆਲੋਚਨਾ ਤੇ ਆਧਾਰਤ ਹੈ।"

*—ਸਵਰਨ ਸਿੰਘ ਸਨੇਹੀ*

*ਸ਼ਾਹਪੁਰ (ਫਿਲੌਰ) ੧੪੪੪੧੦*

## ਪ੍ਰੋ: ਪਿਆਰਾ ਸਿੰਘ ਭੋਗਲ ਦਾ ਨਵਾਂ ਪਤਾ

*ਪ੍ਰੋ: ਪਿਆਰਾ ਸਿੰਘ ਭੋਗਲ ਹੋਰਾਂ ਆਪਣਾ ਨਿਵਾਸ ਅਸਥਾਨ ਤਬਦੀਲ ਕਰ ਲਿਆ ਹੈ। ਉਨ੍ਹਾਂ ਦਾ ਵਰਤਮਾਨ ਪਤਾ ਤੇ ਟੈਲੀਫੋਨ ਨੰਬਰ ਇਸ ਪ੍ਰਕਾਰ ਹੈ।*

**ਪ੍ਰੋ: ਪਿਆਰਾ ਸਿੰਘ ਭੋਗਲ**

੬੨੮ ਗਰੀਨ ਮਾਡਲ ਟਾਊਨ, ਜਲੰਧਰ

ਫੋਨ ਨੰਬਰ- ੪੪੨੬੧੧

ਦਫਤਰ ਦਾ ਪਤਾ

ਯੂਨੀਵਰਸਲ ਕਾਲਜ ਕਨਾਟ ਸਰਕਸ

ਚਹਾਰ ਬਾਗ ਜਲੰਧਰ



Sri Satguru Jagjit Singh Ji eLibrary NamdhariElibrary@gmail.com

# ਉਸਤਾਦ ਅੱਲਾਦੀਆਂ ਖਾਂ—ਮਿਹਰਬਾਨ

*—ਬਲਬੀਰ ਸਿੰਘ ਕੰਵਲ*

ਆਪ ਅੰਮ੍ਰਿਤਸਰ ਦੇ ਵਸਨੀਕ ਸਨ ਅਤੇ ਰਿਸ਼ਤੇ ਵਿਚ ਪਟਿਆਲਾ ਘਰਾਣੇ ਦੇ ਸੁਪ੍ਰਸਿੱਧ ਉਸਤਾਦ ਆਸ਼ਕ ਅਲੀ ਖਾਂ ਦੇ ਮਾਪੇ ਲਗਦੇ ਹਨ। ਆਪ ਦਾ ਜਨਮ ਕਿਧਰੇ ਪਿਛਲੀ ਸਦੀ ਦੇ ਆਖਰੀ ਸਾਲਾਂ ਵਿਚ ਹੋਇਆ। ਛੋਟੀ ਉਮਰ ਵਿਚ ਹੀ ਬੜਾ ਅੱਛਾ ਗਾਉਣ ਲੱਗ ਪਏ ਪਰ ਉਨ੍ਹਾਂ ਦੀ ਪ੍ਰਸਿੱਧੀ ਢੇਰ ਕਰਕੇ ਸਾਰੇ ਦੇਸ਼ ਵਿਚ ਬਤੌਰ ਇਕ ਬੰਦਸ਼ਕਾਰ ਦੇ ਫੈਲੀ। ਸ਼ਾਮ ਚੌਰਾਸੀ ਘਰਾਣੇ ਦੇ ਪ੍ਰਸਿੱਧ ਉਸਤਾਦ ਨਿਆਜ਼ ਹੁਸੈਨ ਖਾਂ 'ਸ਼ਾਮੀ' ਆਪ ਨੂੰ ਪਟਿਆਲਾ ਘਰਾਣੇ ਦਾ ਪ੍ਰਾਪੇਗੰਡਾ ਸੈਕਟਰੀ. ਆਖਦੇ ਹੁੰਦੇ ਸਨ। ਉਨ੍ਹਾਂ ਦਾ ਇਹ ਮੱਤ ਸੀ ਕਿ ਪੰਜਾਬ ਦੇ ਕੁਝ ਹੋਰ ਸੰਗੀਤ ਘਰਾਣਿਆਂ ਵਾਂਗ ਇਹ ਘਰਾਣਾ ਇੰਨਾ ਪੁਰਾਣਾ ਅਤੇ ਵਿਰਾਟ ਨਹੀਂ ਜਿੰਨਾ ਕਿ ਹੋਰ, ਕਿਉਂਕਿ ਇਨ੍ਹਾਂ ਕੋਲ 'ਮਿਹਰਬਾਨ ਸਾਹਿਬ' ਵਰਗੇ ਗੁਣੀ ਲੋਕ ਸਨ, ਜਿਨ੍ਹਾਂ ਨੇ ਇਸਦੀ ਅਤੇ ਇਨ੍ਹਾਂ ਦੇ ਕਲਾਕਾਰਾਂ ਦੀ ਮਹਿਮਾਂ ਨੂੰ ਹਰ ਥਾਂ ਗਾਇਆ। ਜਿਸ ਨਾਲ ਇਸ ਘਰਾਣੇ ਦੀ ਪ੍ਰਸਿੱਧੀ ਨੂੰ ਚਾਰ ਚੰਦ ਲਗ ਗਏ।

ਉਂਜ ਤਾਨ ਦੀ ਤਿਆਰੀ ਜਾਂ ਗੜਗਜ ਤਾਂ ਅਲੀ ਬਖਸ਼ ਜਰਨੈਲ ਸਾਹਿਬ ਦੀ ਹੀ ਸੀ, ਪਰ ਜਿਥੋਂ ਤੱਕ ਸੁਰੀਲੇਪਨ ਦਾ ਸਵਾਲ ਹੈ, ਖਿਆਲ ਕੀਤਾ ਜਾਂਦਾ ਹੈ ਕਿ ਭਾਰਤ ਨੇ ਅਜੇ ਤੱਕ ਫਤਿਹ ਅਲੀ ਖਾਂ ਕਰਨੈਲ ਸਾਹਿਬ ਵਰਗਾ ਹੋਰ ਕੋਈ ਗਾਇਕ ਪੈਦਾ ਨਹੀਂ ਕੀਤਾ। ਇਸ ਤੱਥ ਨੂੰ ਜਿਥੇ ਅਣਗਿਣਤ ਸੰਗੀਤਕਾਰ ਸਵੀਕਾਰ ਕਰਦੇ ਹਨ—ਉਥੇ ਇਸ ਗੱਲ ਦੀ ਪੁਸ਼ਟੀ ਲਈ ਸਾਨੂੰ 'ਮਿਹਰਬਾਨ' ਸਾਹਿਬ ਦੀਆਂ ਅਨੇਕ ਬੰਦਸ਼ਾਂ, ਜਿਹੜੀਆਂ ਉਨ੍ਹਾਂ ਆਪਣੇ ਜੀਜੇ ਦੀ ਤਾਰੀਫ ਵਿਚ ਲਿਖੀਆਂ ਵੀ ਮਿਲ ਜਾਂਦੀਆਂ ਹਨ—

ਫਤਿਹ ਅਲੀ ਖਾਂ ਨੇ ਹਿੰਦ ਮੇਂ ਨਾਮ ਕੀਆ,<br>
'ਤਾਨ ਕਪਤਾਨ' ਜੱਗ ਮੇਂ ਕਹਾਏ।<br>
ਫਤਿਹ ਅਲੀ ਖਾਨ<br>
ਤਾਨ ਬਲਵੰਡ ਕੀ ਐਸੀ ਚਲਤ ਹੈ,<br>
ਜਿਉਂ ਅਰਜਣ ਕੇ ਬਾਣ!

ਇਸੇ ਤਰ੍ਹਾਂ ਮਿਹਰਬਾਨ ਸਾਹਿਬ ਰਾਗ ਸੂਹਾ ਸੁਘਰਾਈ (ਤਿੰਨ ਤਾਲ) ਦੀ ਇਕ ਬੰਦਸ਼ ਵਿਚ ਵੀ ਸਾਫ ਲਿਖਦੇ ਹਨ ਕਿ ਫਤਿਹ ਅਲੀ ਖਾਂ ਦੀ ਤਾਨ ਬੜੀ ਗਰਜਵੀਂ ਹੈ—

ਅਸਥਾਈ— ਤਾਨ ਸੁਨਾਵੇ ਜਗਤ ਮੇਂ<br>
ਫਤਿਹ ਅਲੀ ਤਾਨ ਰਸ, ਤਾਨ ਤਾਨ ਰਸ<br>
ਅੰਤਰਾ — ਜਬ ਗਾਵੇ ਤਬ ਗੁਣੀ ਰੀਝਾਵੇ<br>
ਤਾਨ ਕਪਤਾਨ ਕੀ ਐਸੀ ਫਿਰਤ ਹੈ<br>
ਜਿਉਂ ਅਰਜਣ ਕੇ ਬਾਣ ਰਸ ਬਾਣ, ਬਾਣ ਰਸ।

ਉਸਦੀ ਇਕ ਹੋਰ ਬੰਦਸ਼ ਵਿਚ ਇਸ ਗੱਲ ਦਾ ਜ਼ਿਕਰ ਮਿਲਦਾ ਹੈ ਕਿ ਜਦੋਂ ਆਪ ਨੇ ਜੈਪੁਰ ਦਰਬਾਰ ਵਿਚ ਗਾਇਆ ਤਾਂ ਉਨ੍ਹਾਂ ਦਾ ਗਾਣਾ ਉਥੇ ਐਨਾ ਵਸਿਆ ਕਿ ਉਥੇ ਦੇ ਮਹਾਰਾਜੇ ਨੇ ਮੋਤੀਆਂ ਦਾ ਥਾਲ, ਭਰਕੇ ਇਨਾਮ ਵਜੋਂ ਦਿੱਤਾ ਸੀ—

ਝੂਮ ਝੂਮ ਕਰ ਨਗਰ ਨਗਰ ਫਿਰ ਆਏ<br>
ਐਸਾ ਗਾਏ ਫਤਿਹ ਅਲੀ ਖਾਂ,<br>
ਰੀਝ ਰਹੇ ਰਾਜਾ ਰਾਮ,<br>
ਮੋਤੀਆਂ ਦਾ ਥਾਲ ਭਰਾਏ।

ਇਸ ਬੰਦਸ਼ ਵਿਚ ਰਾਜਾ ਰਾਮ ਤੋਂ ਭਾਵ ਉਸ ਰਿਆਸਤ ਦੇ ਮਹਾਰਾਜੇ ਰਾਮ ਸਿੰਘ ਤੋਂ ਹੈ। ਉਸਦੀ ਇਕ ਹੋਰ ਰਾਗ ਦੇਸਕਾਰ ਦੀ ਬੰਦਸ਼ ਦਾ ਨਮੂਨਾ ਵੀ ਵੇਖ ਲਓ—

ਆਓ ਜੀ, ਮੋਰੇ ਘਰ ਪੀਆ<br>
ਵਾਰੂੰ ਤੁਮ ਪੇ, ਜੋਬਨ ਕਰਮ ਨਿਸਾਰਾ।<br>
'ਮਿਹਰਬਾਨ', ਸੁਲਤਾਨ, ਫਤਿਹ ਅਲੀ ਖਾਨ<br>
ਕਰਨੈਲ, ਮਹਾਂ ਕੀਜੋ ਕਰਮ ਕਮਾ।

ਉਸਤਾਦ ਕਰਮ ਸਿੰਘ ਚੱਕਰਵਰਤੀ ਦੇ ਕਥਨ ਅਨੁਸਾਰ ਆਪ ਦਾ ਸਬੰਧ ਅੰਮ੍ਰਿਤਸਰ ਦੇ ਰਬਾਬੀ ਖਾਨਦਾਨ ਨਾਲ ਸੀ ਅਤੇ ਉਥੋਂ ਦੇ ਬਹੁਤੇ ਰਬਾਬੀ ਆਪਦੇ ਹੀ ਸ਼ਾਗਿਰਦ ਸਨ। ਆਸ਼ਕ ਅਲੀ ਅਜੇ ਛੋਟੀ ਉਮਰ ਦੇ ਹੀ ਸਨ ਕਿ ਉਨ੍ਹਾਂ ਦੇ ਪਿਤਾ ਕਰਨੈਲ ਸਾਹਿਬ ਚੜ੍ਹਾਈ ਕਰ ਗਏ। ਉਸ ਪਿਛੋਂ ਆਸ਼ਕ ਅਲੀ ਖਾਂ ਦੀ ਤਾਲੀਮ ਦੀ ਜ਼ੁੰਮੇਵਾਰੀ ਵਿਚ ਜਿਥੇ ਸਰਦਾਰ ਬਾਈ ਦਾ ਜ਼ਿਕਰ ਆਉਂਦਾ ਹੈ, ਉਥੇ ਉਸਦੇ ਦੋਵੇਂ ਮਾਮਿਆਂ ਉਸਤਾਦ ਅਮੀਰ ਬਖਸ਼ ਅਤੇ ਅੱਲਾ ਦੀਆਂ ਖਾਂ 'ਮਿਹਰਬਾਨ'



Sri Satguru Jagjit Singh Ji eLibrary NamdhariElibrary@gmail.com

ਦਾ ਨਾਂ ਵੀ ਪੇਸ਼ ਹੈ। ਅੰਮ੍ਰਿਤਸਰ ਵਿਚ ਰਹਿੰਦਿਆਂ ਆਪ ਹਮੇਸ਼ਾ ਸੰਗੀਤ ਦੇ ਫੈਲਾਵ ਲਈ ਕੁਝ ਨਾ ਕੁਝ ਸੋਚਦੇ ਰਹਿੰਦੇ ਸਨ, ਏਹੀ ਕਾਰਨ ਸੀ ਆਪਣੇ ਸ਼ਾਗਿਰਦਾਂ ਨੂੰ ਉਹ ਬੜੀ ਫਰਾਖਦਿਲੀ ਅਤੇ ਤਨਦੇਹੀ ਨਾਲ ਤਾਲੀਮ ਦਿੰਦੇ ਸਨ। ਸ਼ਾਸਤਰੀ ਸੰਗੀਤ ਦੇ ਆਪ ਇਕ ਬੜੇ ਵੱਡੇ ਕੰਪੋਜ਼ਰ ਸਨ। ਜਿਸ ਕਾਰਨ ਬੰਬਈ ਦੀਆਂ ਉਦੋਂ ਦੀਆਂ ਕੁਝ ਪ੍ਰਸਿੱਧ ਥੈਟਰੀਕਲ ਕੰਪਨੀਆਂ ਆਪ ਦੇ ਮਗਰ ਮਗਰ ਫਿਰਦੀਆਂ ਰਹਿੰਦੀਆਂ ਸਨ। ਉਹ ਆਪ ਨੂੰ ਸੰਗੀਤ ਦੀਆਂ ਬੰਦਸ਼ਾਂ ਦੀ ਤਰਤੀਬ ਦੇਣ ਲਈ ਨਿਮੰਤਰਣ ਦਿੰਦੀਆਂ ਰਹਿੰਦੀਆਂ ਸਨ ਅਤੇ ਆਪ ਫਿਰ ਇਸ ਸਿਲਸਿਲੇ 'ਚ ਬੰਬਈ ਜਾ ਕੇ ਉਥੇ ਕਿੰਨਾ ਚਿਰ ਰਹਿ ਆਉਂਦੇ ਸਨ।

ਨਮੂਨੇ ਵਜੋਂ ਆਪ ਦੀਆਂ ਕੁਝ ਹੋਰ ਅਸਥਾਈਆਂ ਦੇ ਬੋਲ ਵੀ ਦਿੱਤੇ ਜਾ ਰਹੇ ਹਨ—

ਖਿਆਲ ਸ਼ੰਕਰਾ : ਝੂਲਨਾ ਝੂਲਾ ਦੇ ਰੁੱਤ ਆਈ
ਖਿਆਲ ਹਮੀਰ : ਅੱਬ ਨਾ ਰਹੇਗੀ ਪੀਰ ਤਨ ਮੇਂ
ਖਿਆਲ ਸ਼ੰਕਰਾ : ਸਜਨਵਾ ਘਰ ਆਈ
ਖਿਆਲ ਮਾਲਕੌਂਸ : ਜੰਮੂ ਡੀਪੋ ਖੰਡ ਕਸ਼ਮੀਰ ਉਤਰੇ
ਗੰਧਾਰੀ ਟੋਡੀ : ਹੇ ਅੰਬੂਆ ਬੋਲੇ ਰੁੱਤ ਆਈ
ਕਾਮੋਦ ਕਲਿਆਣ : ਮੋ ਸੇ ਜਾਨ ਮਨ ਬੋਲ ਲੇ
ਬਿੰਦਰਾਬਨੀ ਸਾਰੰਗ : ਧੰਨ ਧੰਨ ਆਏ ਮੈਂ ਤੋਰੇ ਦੁਆਰ
ਰਾਗ ਕਾਫੀ ਕਾਨ੍ਹੜਾ : ਯਾਰ ਭਾਵੰਦਾ ਤੇਰਾ ਜੋਬਨਾ

'ਮਿਹਰਬਾਨ' ਸਾਹਿਬ ਦੀਆਂ ਇਹ ਬੰਦਸ਼ਾਂ ਮੈਨੂੰ ਢੇਰ ਕਰਕੇ ਉਸਤਾਦ ਕਰਮ ਸਿੰਘ ਚੱਕਰਵਰਤੀ ਬੜੇ ਗੁਲਾਮ ਅਲੀ ਦੇ ਛੋਟੇ ਵੀਰ ਉਸਤਾਦ ਬਰਕਤ ਅਲੀ ਖਾਂ ਕੋਲੋਂ ਇਕ ਦੋਸਤ ਰਾਹੀਂ ਅਤੇ ਉਸਤਾਦ ਅੱਲਾ ਰੱਖਾ ਤਬਲਾ ਨਵਾਜ਼ ਪਾਸੋਂ ਪ੍ਰਾਪਤ ਹੋਈਆਂ ਹਨ, ਜਿਨ੍ਹਾਂ ਵਿਚੋਂ ਬਹੁਤੀਆਂ ਉਨ੍ਹਾਂ ਦੀਆਂ ਆਪਣੀਆਂ ਆਵਾਜ਼ਾਂ ਵਿਚ ਮੇਰੇ ਪਾਸ ਟੇਪ ਰੀਕਾਰਡ ਹਨ। ਭਾਵੇਂ ਕਿ ਆਪ ੧੯੨੦ ਵਿਚ ਅੱਲਾ ਨੂੰ ਪਿਆਰੇ ਹੋ ਗਏ ਸਨ, ਪਰ ਆਪ ਦੀਆਂ ਬੰਦਸ਼ਾਂ ਤੋਂ ਭਲੀ ਭਾਂਤ ਪ੍ਰਤੀਤ ਹੁੰਦਾ ਹੈ ਕਿ ਆਪ ਇਨ੍ਹਾਂ ਸਦਕਾ ਹਮੇਸ਼ਾ ਹਮੇਸ਼ਾ ਲਈ ਜੀਵਤ ਰਹਿਣਗੇ।


***2 Albert Road***
***IL FORD ESSEX***
***IG1-IHN U.K.***


*ਗੀਤ*

# ਮੈਂ ਦਰਸ ਪਿਆਸਾਂ ਹਾਰੀ

***—ਦਲਬੀਰ ਸਿੰਘ ਤਰਸ,***

ਆਵੀਂ ਸਾਵਣਾ ਬ੍ਰਿਹੋਂ 'ਚ ਭੂਰ ਲੈਂ ਕੇ,
ਮੈਂ ਦਰਸ ਪਿਆਸਾਂ ਹਾਰੀ।

ਚੇਤਨਤਾ ਮੇਰੀ ਬੰਜਰ ਧਰਤੀ,
ਗੀਤ ਉੱਗੇ ਕੋਈ ਟਾਵਾਂ।
ਨੀਝ ਦੀਆਂ ਇਨ੍ਹਾਂ ਨਦੀਆਂ ਵਿਚੋਂ,
ਮੈਂ ਸਿੰਜਦੀ ਸਿੰਜਦੀ ਜਾਵਾਂ।
ਉਡੀਕ ਦੀ ਲੰਮੀ ਲੀਕ ਸਜਣ ਜੀ,
ਮੈਂ ਹਿਜਰਾਂ ਮਤ ਮਾਰੀ।
ਸਾਵਣ ਵੇ ਮੈਂ ਦਰਸ................।

ਦੂਰ ਦੁਰਾਡੇ ਆਸ ਬਨੇਰੇ,
ਟਿਮਕ ਰਿਹਾ ਇਕ ਦੀਵਾ।
ਬੁਝ ਬੁਝ ਜਾਂਦੀ ਲੋਅ ਦੇ ਵਿਚੋਂ,
ਗੀਤ ਜਨਮਦਾ ਖੀਵਾ।
ਏਸ ਗੀਤ ਦੇ ਪੰਖ ਵੇ ਨਾਜ਼ਕ,
ਮੈਂ ਬੋਝ ਨਾਲ ਜਿੰਦ ਭਾਰੀ।
ਸਾਵਣ ਵੇ ਮੈਂ ਦਰਸ................।

ਤੱਤੀ ਰੇਤ ਵੇ ਵਿੱਚ ਉਜਾੜਾਂ,
ਰੁਕ ਰੁਕ ਰੋਵਣ ਬਿੰਡੇ।
ਝੁਲਸੀ ਗਈ ਸੁਹਜ ਦੀ ਦਿਹਰੀ,
ਸੜੇ ਸਬਰ ਦੇ ਪਿੰਡੇ।
ਲੰਮੜੇ ਦਿਹੁੰ ਭੀ ਇਹ ਲੰਘ ਜਾਣੇ,
ਚਲੇ ਕਾਲ ਦੀ ਆਰੀ।
ਸਾਵਣ ਵੇ ਮੈਂ ਦਰਸ................।

ਮੁੱਕ ਚੱਲੇ ਮੇਰੇ ਤਾਣ ਵੇ ਸਜਣਾ,
ਅੰਬਰੀ ਉਡਣੇ ਵਾਲੇ।
ਹਰ ਕਦਮ ਮੇਰੀ ਉਮਰ ਦਾ ਵਿੰਨਿਆਂ,
ਚੋਭਾਂ ਬਣੀਆਂ ਛਾਲੇ।
ਢਲੀ ਧੁੱਪ ਪਰਛਾਵੇ ਵਧਦੇ,
ਰੈਣ ਦੀ ਅਗਲੀ ਵਾਰੀ।
ਸਾਵਣ ਵੇ ਮੈਂ ਦਰਸ................।

ਆਵੀਂ ਸਾਵਣਾ ਬ੍ਰਿਹੋਂ 'ਚ ਭੂਰ ਲੈ ਕੇ,
ਮੈਂ ਦਰਸ ਪਿਆਸਾਂ ਹਾਰੀ।

***—ਸਿਡਨੀ ਆਸਟ੍ਰੇਲੀਆ***



Sri Satguru Jagjit Singh Ji eLibrary NamdhariElibrary@gmail.com

# "ਇਨ ਮਾਇਆ......"

—ਸਾਧੂ ਸਿੰਘ ਕਿਸਾਨ

ਧੰਨ ਧੰਨ ਧਨ ਕੋ ਭਾਖੀਐ, ਜਾਕਾ ਜਗਤ ਗੁਲਾਮ
ਸਭ ਨਿਰਖਤ ਯਾਂ ਕੋ ਫਿਰੈ, ਸਭ ਤਲ ਕਰਤ ਸਲਾਮ

ਧਨ ਦੀ ਬਹੁਪੱਖੀ ਵਡਿਆਈ ਨੂੰ ਸਿਰਫ ਇਕ ਦੋਹਰੇ ਵਿੱਚ ਜਿੰਨੇ ਵਧੀਆ ਢੰਗ ਨਾਲ ਸਮਰਥ ਕਵੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਚਿਤ੍ਰਿਆ ਹੈ ਇਹ ਆਪਣੀ ਮਿਸਾਲ ਆਪ ਹੈ। ਜੇ ਇਸ ਦੀ ਪ੍ਰਮਾਣਾਂ ਸਹਿਤ ਵਿਆਖਿਆ ਕਰਨ ਲਗ ਜਾਈਏ ਤਾਂ ਪੋਥਿਆਂ ਦੇ ਪੋਥੇ ਲਿਖੇ ਜਾ ਸਕਦੇ ਹਨ।

ਪਤਾ ਨਹੀਂ ਕਿੰਨੀ ਕੁ ਅਤੇ ਕਿਵੇਂ ਦੀ ਔਕੜ ਬਣੀ ਹੋਵੇ ਦਸ਼ਮੇਸ਼ ਜੀ ਨੂੰ, ਜਿਨ੍ਹੇ ਇਹ ਸਰਬੋਤਮ ਸਤਰਾਂ ਧਨ ਬਾਰੇ ਉਹਨਾਂ ਤੋਂ ਲਿਖਵਾਈਆਂ ਹੋਣ। ਸਿਖਰਲੀ ਕਿਰਤ ਕੋਈ ਵੀ ਓਨਾ ਚਿਰ ਹੋਂਦ ਵਿੱਚ ਨਹੀਂ ਆਉਂਦੀ ਜਿੰਨਾਂ ਚਿਰ ਰਚਨਹਾਰੇ ਨੂੰ ਉਹਦੇ ਬਾਰੇ ਨਿਜੀ ਧੂਹ ਨਾ ਪਵੇ।

ਵਾਰਿਸ ਦੀ ਹੀਰ, ਤੁਲਸੀ ਦੀ ਰਾਮਾਇਣ, ਗੁਰੂ ਨਾਨਕ ਜੀ ਦੀ "ਤੈਂ ਕੀ ਦਰਦ ਨਾ ਆਇਆ", ਗਹਿਰੇ ਜਜ਼ਬਾਤ ਵਿੱਚੋਂ ਨਿਕਲੀ ਸੋਚ ਦੀਆਂ ਕਿਰਨਾਂ ਹੀ ਤਾਂ ਹਨ।

ਮਾਇਆ ਮਹਿਮਾ ਤੋਂ ਗੱਲ ਹੋਰ ਪਾਸੇ ਚਲੀ ਗਈ ਏ, ਸ੍ਰੀ ਆਦਿ ਗ੍ਰੰਥ ਸਾਹਿਬ ਵਿੱਚ ਲਿਖਿਆ ਏ, "ਇਨ ਮਾਇਆ ਜਗਦੀਸ਼ ਗੁਸਾਂਈ ਤੁਮਰੇ ਚਰਨ ਬਿਸਾਰੈ", ਭਾਵ ਇਹ ਇਤਨੀ ਜ਼ੋਰਾਵਰ ਏ, ਜਿਨ੍ਹੇ ਆਪਣੇ ਰਚਨਹਾਰੇ ਨੂੰ ਵੀ ਪਿੱਛੇ ਪਾ ਦਿੱਤਾ ਏ, ਕਾਟ ਕੂਟਕੇ ਡਾਰਨ ਵਾਲਾ, ਤਾਂ ਕੋਟ ਮਧੇ ਕੋਈ ਵਿਰਲ ਈ ਨਿਕਲਦਾ ਏ, ਤੇ ਸ੍ਰੀ ਕਬੀਰ ਦੀ ਮੂਜਬ ਵੀ ਤੀਨ ਲੋਕ ਦੀ ਪਿਆਰੀ ਏ, ਅਤੇ ਗੱਲ ਅਸਲ ਵਿੱਚ ਓਹੋ ਈ ਹੋਂਦੀ ਏ ਜੋ ੯੯ ਬਟਾ ੯੯ ਪਰਸੰਟ ਹੋਵੇ।

ਇਕ ਬੜਾ ਸੁਲਝਿਆ ਹੋਇਆ ਗੁਰ ਸਿੱਖ, ਪ੍ਰਸੰਨ ਹੋਏ ਸਤਿਗੁਰਾਂ ਤੋਂ, ਬੜੀ ਜੁਗਤ ਨਾਲ ਮੰਗ ਮੰਗਦਾ ਏ,

ਨਾਮ ਦੇਹਿ, ਧਨ ਦੇਹਿ ਨਾ ਜਨ ਕੋ
ਧਨ ਬਿਨਾ ਜਨ, ਜਗ ਨਾ ਸੁਹਾਇ।

ਅਤੇ ਇਕ ਹੋਰ ਸਿੱਧ ਪੱਧਰਾ ਜੱਟ ਭਗਤ ਸਿੱਧਾ ਈ ਰੱਬ ਨੂੰ ਵੰਗਾਰਨ ਲੱਗ ਪੈਂਦਾ ਏ—"ਭੂਖੇ ਭਗਤ ਨਾਂ ਕੀਜੈ, ਯਹਿ ਮਾਲਾ ਅਪੁਨੀ ਲੀਜੈ"।

ਪਾਕਿਸਤਾਨ ਵੱਲ ਸੈਕੜੇ ਏਕੜ ਜ਼ਮੀਨਾਂ ਛੱਡ ਕੇ ਆਇਆ ਨੂੰ ਵੀ ਸ੍ਰੀ ਜੀਵਨ ਨਗਰੋਂ ਮਿਲਦੇ ਹਫ਼ਤਾਵਾਰੀ ਰਾਸ਼ਨ ਤੇ ਹੀ, ਗੁਜ਼ਾਰਾ ਕਰਨਾ ਪੈ ਰਿਹਾ ਸੀ। ਇਕ ਦਿਨ ਅਚਾਨਕ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਨੇ, ਸੰਤਨਗਰ ਇਕੱਠੇ ਕੀਤੇ ਮੁਖਤਿਆਰਾਂ ਨੂੰ ਪੁਛਿਆ-ਸੁਣਾਓ ਭਾਈ! ਤੁਹਾਡੇ ਨਿਜੀ ਲੰਗਰ ਪਾਣੀ ਦਾ ਕਿਵੇਂ ਚਲਦਾ ਏ ?"

ਸਾਰੇ ਗੁਰੂ ਕਿਰਪਾ ਦਾ ਬਖਾਨ ਕਰੀ ਜਾ ਰਹੇ ਸਨ। ਇਕ ਚੁੱਪ ਜਿਹਾ ਪਿੱਛੇ ਖੜੋਤੇ, ਖ਼ੁਦਦਾਰ ਮੁਖਤਿਆਰ-ਕਮ-ਨੰਬਰਦਾਰ ਨੂੰ ਸਤਿਗੁਰੂ ਜੀ ਨੇ ਕੁਝ ਉਚੇਚ ਨਾਲ ਪੁਛਿਆ ਤਾਂ ਓਹ ਸਨਿਮਰ ਪਰ ਸ਼ਰਧਾ-ਗੁੱਧੇ ਸ਼ਬਦਾਂ ਵਿੱਚ ਇਓਂ ਅਰਜ਼ ਗੁਜ਼ਾਰ ਹੋਇਆ—

"ਪਾਤਸ਼ਾਹੋ! ਆਪ ਜੀ ਦਾ ਬਖਸ਼ਿਆ ਰਾਸ਼ਨ, ਆਇਆ ਗਿਆ ਜ਼ਿਆਦਾ ਹੋਣ ਕਰਕੇ ਦੋ ਦਿਨ ਪਹਿਲਾਂ ਹੀ ਸੰਪੂਰਨਤਾ ਪਾ ਗਿਆ। ਇਕ ਦਿਨ ਸਪਰਿਵਾਰ ਮਸਤਾਨੇ ਲੰਗਰ ਬਿਤਾ ਕੇ, ਅੱਜ ਮੇਰੀ ਸਾਥਣ ਨੇ, ਮੇਰੇ ਬਿਨ ਪੁਛਿਆਂ, ਮੇਰੇ ਘਰ ਪਏ ਆਪ ਜੀ ਦੇ ਭੜੋਲਿਆਂ ਹੇਠਲੇ, ਮਿੱਟੀ ਮਿਲੇ ਦਾਣੇ, ਧੋ ਸੁਕਾ ਕੇ ਹੱਥੀ ਪੀਹ ਕੇ, ਪਰਸ਼ਾਦੇ ਸਾਰੇ ਪਰਿਵਾਰ ਨੂੰ ਛਕਾਂਣ ਬਾਦ, ਮੈਨੂੰ ਬਾਹਰੋਂ ਆਏ ਨੂੰ ਛਕਣ ਵਾਸਤੇ ਆਖਿਆ। ਤਾਂ ਮੈਂ ਕਿਹਾ, ਦਾਣਿਆਂ ਬਿਨਾਂ ਲੰਗਰ ਕਿਵੇਂ ਤਿਆਰ ਹੋ ਗਿਆ ? ਓਹਦੇ ਸਾਰੀ ਗੱਲ ਦੱਸਣ ਤੇ ਮੈਂ ਆਖਿਆ, ਸ੍ਰੀ ਸਤਿਗੁਰੂ ਜੀ ਅੱਗੇ ਅਰਜ਼ ਕਰਕੇ ਹੀ, ਗ੍ਰਾਹੀ ਮੂੰਹ ਪਾਵਾਂਗਾ। ਜੀਵਨ ਨਗਰ ਜਾਣ ਨੂੰ ਤਿਆਰ ਹੋਇਆ ਸਾਂ ਕਿ ਆਪ ਜੀ ਨੇ ਏਥੇ ਹੀ ਦਰਸ਼ਨ ਦੇਣ ਦੀ ਕਿਰਪਾ ਕੀਤੀ। ਅਮਾਨਤ ਵਿੱਚ ਖ਼ਿਆਨਤ ਦਾ ਗੁਨਾਂਹਗਾਰ ਹਾਜ਼ਰ ਆਂ, ਜੋ ਸਜ਼ਾ ਮਿਲੇ, ਖਿੜੇ ਮੱਥੇ ਮਨਜ਼ੂਰ ਏ।"

ਸ੍ਰੀ ਸਤਿਗੁਰੂ ਜੀ ਦੇ ਨੇਤਰੀਂ ਜਲ ਆ ਗਿਆ, "ਓਹ, ਓ ਮੇਰੇ ਸੱਚੇ ਸੁੱਚੇ ਸਾਥੀ ਸਿੱਖੋ! ਮੇਰਾ ਜੀ ਕਰਦਾ ਏ ਤੁਹਾਡੇ ਆਰ ਬੁਖਾਰ ਭਰ ਦਿਆਂ, ਪਰ........ਹੇ ਤੰਗ ਦਸਤੀਏ ਤੇਰਾ ਸੱਤਿਆਨਾਸ!..........(ਥੋੜਾ ਰੁਕ ਕੇ) ਅੱਛਾ! "ਆਓ ਦੱਸੋ! ਨਾਮ ਲਿਖਾਓ, ਕਿਦ੍ਹਾ ਕਿਦ੍ਹਾ ਰਾਸ਼ਨ ਹਫ਼ਤਿਓਂ ਪਹਿਲਾਂ ਹੁਕਮ ਸੱਤ ਹੋ ਜਾਂਦਾ ਏ ?"

ਪਰ ਕਿਸੇ ਇਕ ਨੇ ਵੀ ਨਾਂ ਨਹੀਂ ਲਿਖਾਇਆ, ਤਾਂ ਪਾਤਸ਼ਾਹ ਫ਼ੁਰਮਾਇਆ, "ਅਸੀਂ ਲਿਸਟ ਵੇਖ ਕੇ, ਆਪ ਹੀ ਇਤੰਜ਼ਾਮ ਕਰ ਦਿਆਂਗੇ।"

੨੦.੮.੦੨

ਬਦਾਯੂੰ (ਯੂ. ਪੀ)



Sri Satguru Jagjit Singh Ji eLibrary NamdhariElibrary@gmail.com







Sri Satguru Jagjit Singh Ji eLibrary NamdhariElibrary@gmail.com

# ਦੇਸ਼ ਭਗਤੀ ਦਾ ਇਨਾਮ

**—ਅਰਜਨ ਸਿੰਘ ਗੜਗੱਜ**

ਕਾਮਰੇਡ ਅਰਜਨ ਸਿੰਘ ਗੜਗਜ ਜ਼ਿੰਦਾਂ ਸ਼ਹੀਦ ਸੀ। ਦੇਸ਼ ਦੀ ਆਜ਼ਾਦੀ ਵਾਸਤੇ ਉਹਨੇ ਬਚਪਨ ਤੋਂ ਹੀ ਆਪਣੇ ਆਪ ਨੂੰ ਸਮਰਪਿਤ ਕੀਤਾ ਸੀ। ਗੜਗੱਜ ਹੋਰਾਂ 'ਸ਼ਹੀਦ ਦੇ ਬੋਲ' ਇਕ ਛੋਟੀ ਪੁਸਤਕ ਵਿੱਚ ਆਪਣੇ ਜੀਵਨ ਦੀਆਂ ਛੋਟੀਆਂ ਛੋਟੀਆਂ ਕਹਾਣੀਆਂ ਲਿਖੀਆਂ ਹਨ ਜਿਨ੍ਹਾਂ ਨੂੰ ਕੁਲਵੰਤ ਸਿੰਘ ਵਿਰਕ ਨੇ ਇਕ ਯੋਧੇ ਦੀ ਵਿਥਿਆ ਦਾ ਨਾਮ ਦਿਤਾ। 'ਸ਼ਹੀਦ ਦੇ ਬੋਲ' ਵਿਚੋਂ ਗੜਗਜ ਜੀ ਦੀ ਆਤਮ ਕਥਾ ਵਰਗੀ ਇਕ ਕਹਾਣੀ ਅਸੀਂ ਇਥੇ ਪੇਸ਼ ਕਰ ਰਹੇ ਹਾਂ। **—ਸੰਪਾਦਕ**

ਬਸੰਤ ਦਾ ਖ਼ੂਬਸੂਰਤ ਤਿਉਹਾਰ ਮਨਾਉਣ ਲਈ, ਮਰਦ ਇਸਤ੍ਰੀਆਂ ਤੇ ਬੱਚੇ ਟਾਂਗਿਆਂ ਵਿਚ ਅੰਮ੍ਰਿਤਸਰ ਨੂੰ ਜਾ ਰਹੇ ਸਨ ਅਤੇ ਮੈਂ ਅੰਮ੍ਰਿਤਸਰ ਵਲੋਂ ਤਰਨਤਾਰਨ ਨੂੰ ਆ ਰਿਹਾ ਸਾਂ— ਪੈਦਲ ਸੜਕ ਸਵਾਰ। ਅੰਮ੍ਰਿਤਸਰ ਜਾਣ ਵਾਲਿਆਂ ਦੇ ਵੰਨ-ਸੁਵੰਨੇ ਤੇ ਲਿਸ਼ਕਵੇਂ ਬਸੰਤੀ ਬਸਤਰ ਇਉਂ ਭਾਹ ਮਾਰਦੇ ਸਨ ਜਿਵੇਂ ਸਰ੍ਹੋਂ ਦੇ ਪੀਲੇ ਫੁੱਲ ਹਵਾ ਰੂਪੀ ਜਰਨੈਲ ਦੇ ਹੁਕਮ ਨਾਲ ਝੂਮ ਕੇ ਬਸੰਤੀ ਭਾਹ ਮਾਰਨ ਲੱਗ ਜਾਂਦੇ ਹਨ ਤੇ ਮੈਂ ? ਪੈਰੋਂ ਨੰਗਾ, ਤੇੜ ਕਛਹਿਰਾ ਮਾੜੂਆ ਜਿਹਾ ਮੁੱਛ-ਫੁੱਟ ਗਭਰੂ— ਜਿਸ ਨੇ ਮਾੜੇ ਜਿਹੇ ਖੇਸ ਦੀ ਬੁੱਕਲ ਮਾਰੀ ਹੋਈ ਸੀ, ਜਿਸਦੇ ਪੈਰ ਘੱਟੇ ਮਿੱਟੀ ਨਾਲ ਭਰੇ ਹੋਏ ਤੇ ਠੇਡੇ ਵੱਜ ਵੱਜ ਪੈਰਾਂ ਦੀਆਂ ਕੁਝ ਉਂਗਲੀਆਂ ਜ਼ਖਮੀ ਹੋ ਗਈਆਂ ਸਨ।

ਅੰਮ੍ਰਿਤਸਰ ਜਾਣ ਵਾਲੇ ਤਰਨਤਾਰਨੀ ਬਹੁਤੇ ਮੈਨੂੰ ਜਾਣਦੇ ਸਨ, ਉਹ ਮੇਰੇ ਉਤੇ ਕਈ ਤਰ੍ਹਾਂ ਦੇ ਰੀਮਾਰਕ ਕੱਸਦੇ। "ਇਹ ਰੱਦ ਖਲੱਕ ਮੁੰਡਾ ਹੈ" ਇਕ ਆਂਹਦਾ "ਇਹ ਘਰ ਦਾ ਨਾ ਘਾਟ ਦਾ" ਦੂਜਾ ਕਹਿ ਦਿੰਦਾ। "ਸੁਦਾਈ ਹੈ ਪਾਗਲ ਹੈ" ਤੀਜੇ ਦੀ ਦਿਲ ਚੀਰਵੀਂ ਟਕੋਰ ਲਗਦੀ। ਟਾਂਗਾ ਖੜ੍ਹਾ ਕਰ ਕੋਈ ਪੁਛ ਲੈਂਦਾ "ਕਿਧਰ ਜਾ ਰਿਹਾ ਏਂ ਤੂੰ ? ਫਿਰ ਪੈਦਲ ? ਕੋਈ ਹਉਕਾ ਲੈ ਕੇ ਆਖ ਛਡਦਾ "ਵਿਚਾਰਾ ਦੇਸ਼ ਪਿਛੇ ਮਾਰਿਆ ਮਾਰਿਆ ਫਿਰਦਾ ਏ। ਭਲਾ ਦੇਸ਼ ਨੇ ਇਹਨੂੰ ਕੀ ਦੇ ਦੇਣਾ ਏ ? ਐਵੇਂ ਆਪਣੀ ਉਮਰ ਖ਼ਰਾਬ ਕਰ ਰਿਹਾ ਏ।" ਕੋਈ ਰਤਾ ਦਲੇਰੀ ਨਾਲ ਬੋਲ ਉਠਦਾ "ਤੁਹਾਡੇ ਆਪਣੇ ਵਿਚ ਤਾਂ ਹਿੰਮਤ ਨਹੀਂ ਤੁਸੀਂ ਇਸ ਨੂੰ ਵੀ ਪਏ ਮਿਹਣੇ ਮਾਰਦੇ ਹੋ। ਦੇਸ਼ ਭਗਤੀ ਕੋਈ ਖ਼ਾਲਾ ਜੀ ਦਾ ਘਰ ਨਹੀਂ, ਸੂਲਾਂ ਦੀ ਸੇਜ ਹੈ ਸੂਲਾਂ ਦੀ" ਅਜਿਹੇ ਕਈ ਫ਼ਿਕਰੇ ਸੁਣੇ ਜੋ ਕਿਸੇ ਦੇ ਮੂੰਹ ਆਇਆ ਝਟ ਪਾਣੀ ਦੀ ਚੁਲੀ ਵਾਂਗ ਉਸ ਬਾਹਰ ਵਗਾਹ ਮਾਰਿਆ।

ਅੰਮ੍ਰਿਤਸਰ ਤੋਂ ਤਰਨਤਾਰਨ ਸਰਕਾਰੀ ਮੀਲ-ਪੱਥਰ ਅਨੁਸਾਰ ਪੰਦਰਾਂ ਮੀਲ ਦੂਰ ਹੈ। ਮੇਰੀ ਰੇਲ ਦੀ ਟਿਕਟ ਉਹਨੀਂ ਦਿਨੀਂ ਅੱਧੀ ਲਗਿਆ ਕਰਦੀ ਸੀ। ਅੰਮ੍ਰਿਤਸਰ ਤੋਂ ਤਰਨਤਾਰਨ ਤਕ ਰੇਲ ਦਾ ਕਿਰਾਇਆ ਸਾਰੀ ਟਿਕਟ ਚਾਰ ਆਨੇ ਤੇ ਅੱਧੀ ਟਿਕਟ ਦਾ ਸਵਾ ਦੋ ਆਨੇ ਹੁੰਦਾ ਸੀ। ਪਰ ਮੇਰੀ ਜੇਬ ਤਾਂ ਕਹਿੰਦੀ ਸੀ, ਹੱਥ ਨਾ ਲਾ ਕਿਉਂ ਜੋ ਉਹ ਖ਼ਾਲਮ ਖ਼ਾਲੀ ਸੀ। ਮਾਨੋਂ ਮੈਂ ਤਾਂ ਆਪਣੀ ਪਾਣ ਪੱਤ ਵਿਸਾਰੀ ਫਿਰਦਾ ਸਾਂ ਪਰ ਮੇਰੀ ਜੇਬ ਆਪਣੀ ਪਾਣ ਪੱਤ ਰਖਣ ਲਈ ਹੀ ਅਜਿਹਾ ਕਰ ਰਹੀ ਹੋਵੇ। ਰੋਟੀ ਮੈਨੂੰ ਸਵੇਰੇ ਹੀ ਕਿਸੇ ਮਿਤਰ ਨੇ ਖੁਆ ਦਿਤੀ ਸੀ। ਉਹਨੂੰ ਕੀ ਪਤਾ ਸੀ ਕਿ ਮੈਂ ਕਿਰਾਏ ਖੁਣੋਂ ਪੈਦਲ ਹੀ ਤਰਨਤਾਰਨ ਨੂੰ ਤੁਰ ਪਵਾਂਗਾ। ਨਹੀਂ ਤਾਂ ਸ਼ਾਇਦ ਕਿਰਾਇਆ ਵੀ ਉਸ ਦੀ ਜੇਬ ਵਿਚੋਂ ਆ ਜਾਂਦਾ, ਪਰ ਠੀਕ ਹੀ ਤਾਂ ਕਿਹਾ ਹੈ "ਰੋਇਆਂ ਬਿਨਾਂ ਤਾਂ ਮਾਂ ਵੀ ਦੁੱਧ ਨਹੀਂ ਦਿੰਦੀ।"

ਸੜਕੇ ਸੜਕ ਤੁਰਿਆ ਜਾ ਰਿਹਾ ਸਾਂ। ਬਗਲ ਵਿਚ ਕਾਗਜ਼ਾਂ ਦਾ ਇਕ ਦੱਥਾ ਸੀ, ਜਿਸ ਨੂੰ ਖੇਸ ਦੀ ਬੁਕਲ ਵਿਚ ਲੁਕਾਇਆ ਹੋਇਆ ਸੀ। ਕਾਗਜ਼ਾਂ ਦਾ ਇਹ ਦੱਥਾ, ਜਾਂ ਉਸ ਵਿਚੋਂ ਕੋਈ ਕਾਗਜ਼ ਕਿਸੇ ਦੀ ਨਜ਼ਰੀਂ ਪੈ ਜਾਂਦਾ, ਤਾਂ ਸ਼ਾਇਦ ਸਾਰਾ ਕੰਮ ਹੀ ਚੌੜ ਹੋ ਜਾਂਦਾ। ਸ਼ੇਖ ਚਿਲੀ ਦੇ ਕਹਿਣ ਵਾਂਗ— ਘਿਉ ਦਾ ਘੜਾ ਹੀ ਰੁੜ੍ਹ ਜਾਂਦਾ ਖ਼ਾਸ ਕਰ ਕੇ ਕਿਸੇ ਸੀ. ਆਈ. ਡੀ. ਵਾਲੇ ਦੀ ਇੱਲ-ਅੱਖੀ ਤਿੱਖੀ ਨਜ਼ਰੇ ਚੜ੍ਹ ਜਾਂਦਾ ਤਾਂ ਮੈਂ ਜ਼ਰੂਰ ਰਾਹ ਵਿਚ ਹੀ ਬੋਚ ਲਿਆ ਜਾਂਦਾ ।

ਇਹ ਸਾਈਕਲੋਸਟਾਈਲਡ ਪੋਸਟਰ ਸਨ। ਪਹਿਲੇ



Sri Satguru Jagjit Singh Ji eLibrary NamdhariElibrary@gmail.com

ਦਿਨ ਮੈਂ ਇਸੇ ਤਰ੍ਹਾਂ ਪੈਦਲ ਤਰਨਤਾਰਨੋਂ ਅੰਮ੍ਰਿਤਸਰ ਗਿਆ ਸਾਂ ਇਕ ਮਿੱਤਰ ਰਾਹੀਂ ਅਕਾਲੀ ਦਲ ਦੇ ਦਫਤਰੋਂ ਸਾਈਕਲੋਸਟਾਈਲ ਕਢਵਾਈ ਤੇ ਗੁਰੂ ਕੇ ਬਾਗ਼ ਵਿਚ, ਜਿਥੇ ਅਜ ਗੁਰੂ ਰਾਮਦਾਸ ਸਰਾਏ ਹੈ, ਇਕ ਵੱਡੇ ਰੁਖ ਉਹਲੇ ਬਹਿ ਕੇ ਪੋਸਟਰ ਦੀਆਂ ਸੌ ਕੁ ਕਾਪੀਆਂ ਕੱਢੀਆਂ ਸਨ।

ਉਦੋਂ ਅਜ ਵਾਲੀ ਆਟੋਮੈਟਿਕ ਸਾਈਕਲੋ ਸਟਾਈਲ ਸਟਾਈਲ ਮਸ਼ੀਨ ਨਹੀਂ ਹੁੰਦੀ ਸੀ, ਘੱਟੋ ਘੱਟ ਮੈਂ ਨਹੀਂ ਵੇਖੀ ਸੀ। ਇਕ ਸਲੇਟ ਉਤੇ ਸਟੈਨਸਲ ਪੇਪਰ ਅਜ ਵਾਂਗ ਹੀ ਕੱਟ ਕੇ ਦੂਈ ਸਲੇਟ ਉਤੇ ਰੱਖ ਕੇ, ਹਰ ਕਾਪੀ ਕੱਢਣ ਲਗਿਆਂ ਰੂਲੇ ਨਾਲ ਸਿਆਹੀ ਦੇਣੀ ਪੈਂਦੀ ਸੀ। ਅੱਜ ਦੀ ਮਸ਼ੀਨ ਆਪੇ ਕਾਗਜ਼ ਰਖਦੀ, ਚੁਕਦੀ ਤੇ ਸਿਆਹੀ ਦਿੰਦੀ ਹੈ, ਓਦੋਂ ਇਹ ਸਾਰ ਕੰਮ ਹੱਥ ਨਾਲ ਹੀ ਕਰਨੇ ਪੈਂਦੇ ਸਨ।

ਪੋਸਟਰ ਥੱਲੇ ਨਾਂ, ਮੈਂ ਆਪਣਾ ਲਿਖਣਾ ਚਾਹਿਆ, ਪਰ ਮਿੱਤਰ ਨੇ ਇਹ ਕਹਿ ਕੇ ਮੇਰੀ ਗੱਲ ਨਾ ਮੰਨੀ "ਅਜੇ ਤਾਂ ਤੂੰ ਦੋ ਸਾਲ ਕੈਦ ਭੁਗਤ ਕੇ ਆ ਰਿਹਾ ਏਂ।" ਫ਼ਰਜ਼ੀ ਨਾਂ ਸੰਤੋਖ ਸਿੰਘ ਲਿਖ ਦਿੱਤਾ ਗਿਆ। ਪੋਸਟਰ ਲੈ ਕੇ ਮੋਰਚਾ ਫ਼ਤਹਿ ਸਮਝ ਮੈਂ ਤਰਨਤਾਰਨ ਨੂੰ ਆ ਗਿਆ ਸਾਂ।

ਤਰਨਤਾਰਨ ਪੁਜਦਿਆਂ ਸ਼ਾਮਾਂ ਪੈਂਾਈਆਂ ਉਥੇ ਵੀ ਬਸੰਤ ਮਨਾਇਆ ਦਾ ਰਿਹਾ ਸੀ। ਲੋਕ ਬਸੰਤ ਦੇ ਆਗਮਨ 'ਤੇ ਖੁਸ਼ ਖਿੜੇ ਖਿੜੇ ਲਗਦੇ ਸਨ। ਮਠਿਆਈ ਵਾਲੀਆਂ ਦੁਕਾਨਾਂ 'ਤੇ ਖ਼ਾਸ ਭੀੜਾਂ ਸਨ। ਹਲਵਾਈਆਂ ਨੇ ਬਸੰਤੀ ਰੰਗ ਦੀਆਂ ਮਠਿਆਈਆਂ ਦੇ ਥਾਲ ਉਚੇਚੇ ਤੌਰ 'ਤੇ ਸਜਾ ਰੱਖੇ ਸਨ।

ਧਰਤੀ ਉਤੇ ਹੀ ਬਸੰਤ ਨਹੀਂ ਮਨਾਈ ਜਾ ਰਹੀ ਸੀ ਸਗੋਂ ਆਕਾਸ਼ ਉਤੇ ਵੀ ਬਦਲਾਂ ਦੀ ਮਸਤੀ ਨਚ ਰਹੀ ਸੀ ਸਹਿਜੇ ਸਹਿਜੇ ਕੁਝ ਬੂੰਦਾ ਬਾਂਦੀ ਸ਼ੁਰੂ ਹੋ ਗਈ ਤਾਂ ਲੋਕ ਘਰਾਂ ਨੂੰ ਖਿਸਕਣ ਲਗੇ।

ਦੁਕਾਨਾਂ 'ਤੇ ਦੀਵੇਂ ਤੇ ਲਾਲਟੈਨਾਂ ਜਗ ਪਈਆਂ ਸਨ ਬਿਜਲੀ ਤਾਂ ਉਸ ਵੇਲੇ ਹੈ ਹੀ ਨਹੀਂ ਸੀ। ਪਰ ਬਾਜ਼ਾਰੀ ਰੌਣਕ ਘਟਣ ਲਗ ਪਈ। ਲੋਕ ਸੁਵੱਖਤੇ ਘਰੀਂ ਜਾ ਕੇ ਬਾਲ ਬੱਚੇ ਨਾਲ ਬਸੰਤ ਮਨਾਉਣਾ ਚਾਹੁੰਦੇ ਸਨ ਤੇ ਕਣੀਆਂ ਦਾ ਰੰਗ ਵੀ ਹੋ ਗਿਆ ਸੀ। ਮੈਂ ਵੀ ਆਪਣਾ ਕੰਮ ਆਰੰਭ ਦਿਤਾ।

ਇਕ ਹਲਵਾਈ ਦਾ ਸ਼ਗਿਰਦ ਮੇਰਾ ਮਿੱਤਰ ਤੇ ਮੇਰੇ ਕੁਝ ਕੁ ਕੰਮਾਂ ਦਾ ਭੇਤੀ ਸੀ, ਉਸ ਕੋਲੋਂ ਲੇਵੀ ਬਣਵਾਈ। ਬੁੱਕਲ ਵਿੱਚ ਇਕ ਹਥ ਲੇਵੀ ਦੀ ਬਾਟੀ ਤੇ ਦੂਜੀ ਬਗ਼ਲ ਵਿੱਚ ਪੋਸਟਰਾਂ ਦਾ ਦੱਥਾ ਲੈ ਕੇ ਚਲ ਪਿਆ। ਮੈਂ ਜਾਣ ਬੁਝ ਕੇ ਹੋਰ ਕੁਵੇਲਾ ਕਰ ਰਿਹਾ ਸਾਂ ਲੋਕਾਂ ਦੀ ਆਵਾਜਾਈ ਘਟ ਵੇਖ ਕੇ ਬੂੰਦਾ ਬਾਂਦੀ ਵਿੱਚ ਹੀ ਕੰਧਾਂ ਨਾਲ ਪੋਸਟਰ ਲਾਉਣੇ ਸ਼ੁਰੂ ਕਰ ਦਿਤੇ। ਚਾਰੇ ਪਾਸੇ ਵੇਂਹਦਾ, ਕੋਈ ਨਾ ਦਿਸਦਾ ਤਾਂ ਲੇਵੀ ਲਾਉਂਦਾ ਤੇ ਕੰਧ ਉਤੇ ਪੋਸਟਰ ਜੜ ਦਿੰਦਾ। ਪੋਸਟਰ ਬਹੁਤੇ ਵੱਡੇ ਨਹੀਂ ਸਨ। ਫ਼ੁੱਲ ਸਕੇਪ ਸਾਈਜ਼ ਦੇ ਹੋਣ ਕਰ ਕੇ ਲਾਉਣ ਵਿੱਚ ਕੋਈ ਖ਼ਾਸ ਦਿਕਤ ਪੇਸ਼ ਨਾ ਆਉਂਦੀ।

ਮੁਨਾਰੇ ਵਾਲੀ ਗਲੀ ਅਗੇ ਪੋਸਟਰ ਲਾ ਰਿਹਾ ਸਾਂ ਕਿ ਅਚਾਨਕ ਹਨੇਰੇਂ ਵਿਚੋਂ ਨਿਕਲ ਕੇ ਕਿਸੇ ਨੇ ਮੇਰੀ ਬਾਂਹ ਫੜ ਲਈ। ਸੰਨ੍ਹ ਤੋਂ ਫੜਿਆ ਗਿਆ ਚੋਰ ਵੀ ਸ਼ਾਇਦ ਏਨਾ ਹੈਰਾਨ ਨਾ ਹੋਵੇ ਜਿੰਨਾ ਹੈਰਾਨ ਮੈਂ ਉਸ ਵੇਲੇ ਹੋਇਆ। ਮੈਨੂੰ ਉਨਾ ਡਰ ਕਿਸੇ ਮੁਸੀਬਤ ਦਾ ਨਹੀਂ ਸੀ ਜਿੰਨਾ ਮੇਰੇ ਸਾਰੇ ਪ੍ਰੋਗਰਾਮ ਦੇ ਉਤੇ ਪਾਣੀ ਫਿਰ ਜਾਣ ਦਾ ਸੀ।

ਬਾਹੋਂ ਫੜਨ ਵਾਲਾ ਇਥੋਂ ਤੇ ਵਡੇ ਥਾਣੇਦਾਰ ਦਾ ਲੜਕਾ ਸੀ, ਮੇਰਾ ਜਮਾਤੀ ਅਲਤਾਫ਼ ਹੁਸੈਨ। "ਇਹ ਕੀ ਕਰ ਰਿਹਾ ਏਂ ਤੂੰ ?" ਉਸ ਅਜੇ ਇੰਨਾ ਹੀ ਕਿਹਾ ਸੀ ਕਿ ਮੈਂ ਉਸ ਦੇ ਮੂੰਹ ਅਗੇ ਹੱਥ ਰਖ ਕੇ ਉਸ ਨੂੰ ਚੁੱਪ ਰਹਿਣ ਲਈ ਆਖਿਆ ਤੇ ਮਿੱਤਰਤਾ ਦਾ ਵਾਸਤਾ ਪਾਇਆ ਕਿ ਉਹ ਕਿਸੇ ਅਗੇ ਗੱਲ ਨਾ ਕਰੇ ਕਿ ਮੈਂ ਇਸ਼ਤਿਹਾਰ ਲਾ ਰਿਹਾ ਸਾਂ। ਅਲਤਾਫ਼ ਨੇ ਭੇਤ ਸਾਂਭੀ ਰਖਣ ਦਾ ਸਿਰਫ਼ ਭਰੋਸਾ ਹੀ ਨਾ ਦੁਆਇਆ ਸਗੋਂ ਕੁਝ ਥਾਈਂ ਪੋਸਟਰ ਲੁਆਉਣ ਵਿਚ ਮੇਰਾ ਹੱਥ ਵੀ ਵਟਾਇਆ।

ਪੁਲੀਸ ਗਾਰਦ ਦੇ ਦਰਵਾਜ਼ੇ ਨਾਲ ਪੋਸਟਰ ਲਾ ਕੇ ਮੁੜਿਆ ਹੀ ਸਾਂ ਕਿ ਅੰਦਰੋਂ ਨਿਕਲਦਾ ਹੋਇਆ ਹੈੱਡ ਕਾਨਸਟੇਬਲ ਬੋਲ ਪਿਆ, "ਗੜਗੱਜ ਸਾਹਿਬ ਨੇ ?" ਸੱਚ ਜਾਣੋਂ, ਇਕ ਵੇਰ ਤਾਂ ਮੇਰੀ ਖਾਨਿਓਂ ਗਈ। ਪਰ ਸੰਭਲ ਗਿਆ ਤੇ ਹੁੰਗਾਰਾ ਦਿਤੇ ਬਿਨਾਂ ਹੀ ਇਕ ਪਾਸੇ ਵਲ ਹਨੇਰੇ ਵਿੱਚ ਗੁੰਮ ਹੋ ਗਿਆ। ਹੈੱਡ ਕਾਨਸਟੇਬਲ ਸੁਭਾਵਕ ਹੀ ਬੋਲ ਪਿਆ ਸੀ, ਪੋਸਟਰ ਉਸ ਨੇ ਨਹੀਂ ਵੇਖਿਆ ਸੀ। ਇਕ ਤਾਂ ਰਾਤ ਦਾ ਹਨੇਰਾ ਦੂਜਾ ਉਹ ਸਿੱਧਾ ਅੰਦਰੋਂ ਬਾਹਰ ਨੂੰ ਜਾ ਰਿਹਾ ਸੀ। ਮੁੜ ਕੇ ਦਰਵਾਜ਼ੇ ਵਲ ਵੇਖਦਾ ਤਾਂ ਕੋਈ ਗੱਲ ਹੁੰਦੀ।

ਪੋਸਟਰ ਲਾ ਕੇ ਘਰ ਜਾ ਸੁਤਾ। ਊਟ ਪਟਾਂਗ ਗੱਲਾਂ ਕਹਿ ਕੇ ਘਰ ਵਾਲਿਆਂ ਨੂੰ ਦੇਰ ਲਗ ਜਾਣ ਦੇ ਅਸਲੀ ਕਾਰਨ ਦਾ ਪਤਾ ਨਾ ਲੱਗਣ ਦਿਤਾ। ਸਵੇਰੇ ਸੁਵਖਤੇ ਉਠਿਆ ਮਾਂ ਕੋਲੋਂ ਕੁਝ ਪੈਸੇ ਲਏ ਤੇ ਗੱਡੀ ਚੜ੍ਹ ਕੇ ਅੰਮ੍ਰਿਤਸਰ ਚਲਿਆ ਗਿਆ।



Sri Satguru Jagjit Singh Ji eLibrary NamdhariElibrary@gmail.com

ਦਿਨ ਚੜ੍ਹਦਿਆਂ ਹੀ ਤਰਨਤਾਰਨ ਵਿੱਚ ਇਹ ਚਰਚਾ ਦੰਦ ਕਥਾ ਵਿੱਚ ਬਦਲਣੀ ਸ਼ੁਰੂ ਹੋ ਗਈ ਕਿ ਕਿਸੇ ਨੇ ਰਾਤੋ ਰਾਤ ਸਰਕਾਰ ਦੇ ਖ਼ਿਲਾਫ ਇਸ਼ਤਿਹਾਰ ਲਾ ਦਿਤੇ ਨੇ। ਇਹ ਗੱਲ ਇਥੋਂ ਦੇ ਲੋਕਾਂ ਲਈ ਹੋਰ ਵੀ ਹੈਰਾਨ ਕਰਨ ਵਾਲੀ ਇਸ ਕਰਕੇ ਸੀ ਕਿ ਇਥੋਂ ਦੇ ਚੌਧਰੀਆਂ ਨੇ ਸਾਰੇ ਸ਼ਹਿਰ ਵਲੋਂ ੧੯੧੯ ਦੀ ਮਾਰਸ਼ਲ ਲਾਅ ਸਮੇਂ ਹਕੂਮਤ ਨੂੰ ਲਿਖ ਕੇ ਦੇ ਰਖਿਆ ਸੀ ਕਿ ਤਰਨਤਾਰਨ ਵਿੱਚ ਸਰਕਾਰ ਵਿਰੋਧੀ ਕਿਸੇ ਤਰ੍ਹਾਂ ਦੀ ਕੋਈ ਗੱਲ ਨਹੀਂ ਹੋਣ ਦਿਤੀ ਜਾਵੇਗੀ।

ਬਾਜ਼ਾਰਾਂ, ਗਲੀਆਂ ਤੇ ਚੌਕਾਂ ਵਿੱਚ ਢਾਣੀਆਂ ਦੀਆਂ ਢਾਣੀਆਂ ਪੋਸਟਰ ਪੜ੍ਹ ਰਹੀਆਂ ਸਨ, ਉਸ ਦਾ ਸਿਰਲੇਖ ਸੀ, "ਤਰਨ ਤਾਰਨੀਓ ਦੇਸ਼ ਦਾ ਸਾਥ ਦਿਓ" ਤਰਨ ਤਾਰਨੀਆਂ ਕੋਲ ਅਪੀਲ ਕੀਤੀ ਗਈ ਸੀ ਕਿ ਉਹ ਵੀ ੩ ਫ਼ਰਵਰੀ ਨੂੰ ਸਾਈਮਨ ਕਮਿਸ਼ਨ ਦੇ ਬਾਈਕਾਟ ਦੇ ਸਬੰਧ ਵਿੱਚ ਹੜਤਾਲ ਕਰ ਦੇਣ। ਆਲ ਇੰਡੀਆ ਨੈਸ਼ਨਲ ਕਾਂਗਰਸ, ਆਲ ਇੰਡੀਆ ਖ਼ਿਲਾਫ਼ਤ ਕਮੇਟੀ ਤੇ ਹੋਰ ਦੇਸ਼ ਭਗਤ ਸੰਸਥਾਵਾਂ ਨੇ ਹੋਕਾ ਦੇ ਰਖਿਆ ਸੀ, ਸਾਰਾ ਦੇਸ਼ ੩ ਫ਼ਰਵਰੀ ੧੯੨੮ ਈਸਵੀ ਵਾਲੇ ਦਿਨ ਜਿਸ ਦਿਨ ਸਾਈਮਨ ਕਮਿਸ਼ਨ ਨੇ ਹਿੰਦ ਵਿੱਚ ਪੈਰ ਧਰਨਾ ਹੈ, ਜ਼ਬਰਦਸਤ ਹੜਤਾਲ ਕਰਕੇ ਸਾਈਮਨ ਕਮਿਸ਼ਨ ਦਾ ਬਾਈਕਾਟ ਕਰੇ। ਕਿਉਂਕਿ ਅੰਗਰੇਜ਼ ਸਰਕਾਰ ਨੇ ਕਮਿਸ਼ਨ, ਸਾਡੀ ਆਜ਼ਾਦੀ ਦੀ ਚਲ ਰਹੀ ਲਹਿਰ ਨੂੰ ਨੁਕਸਾਨ ਪੁਚਾਉਣ ਲਈ ਘਲਿਆ ਹੈ।

ਪੁਲਸ ਦੇ ਆਦਮੀ ਪੋਸਟਰ ਪਾੜਦੇ ਫਿਰੇ, ਉਨ੍ਹਾਂ ਮੇਰੇ ਚਾਚੇ ਸੰਤੋਖ ਸਿੰਘ ਨੂੰ ਜਾ ਲਿਆ ਕਿਉਂਕਿ ਇਸ਼ਤਿਹਾਰ ਉਤੇ ਸੰਤੋਖ ਸਿੰਘ ਦਾ ਨਾਂ ਸੀ। ਪਰ ਚੌਧਰੀਆਂ ਨੇ, ਇਹ ਕਹਿ ਕੇ ਕਿ ਇਸ ਦਾ ਕਿਸੇ ਤਰ੍ਹਾਂ ਵੀ ਪੋਸਟਰ ਵਿੱਚ ਹੱਥ ਨਹੀਂ ਹੋ ਸਕਦਾ, ਉਸ ਨੂੰ ਛੁਡਾ ਲਿਆ। ਮੈਂ ਸੁਣਿਆਂ ਤਾਂ ਅਫ਼ਸੋਸ ਹੋਇਆ ਕਿਉਂਕਿ ਮੈਂ ਤਾਂ ਸੰਤੋਖ ਸਿੰਘ ਫਰਜ਼ੀ ਨਾਂ ਲਿਖਿਆ ਸੀ।

ਕੁਝ ਹੀ ਚਿਰ ਪਹਿਲਾਂ ਅੰਮ੍ਰਿਤਸਰ ਵਿੱਚ ਹਿੰਦੂ-ਮੁਸਲਿਮ ਫ਼ਸਾਦ ਹੋ ਗਏ ਸਨ। ਲਾਹੌਰ, ਮੁਲਤਾਨ ਅਤੇ ਰਾਵਲਪਿੰਡੀ ਵਿਚ ਵੀ ਫਿਰਕੂ ਗੜਬੜਾਂ ਹੋਈਆਂ ਸਨ। ਇਸੇ ਗੱਲ ਨੂੰ ਮੁਖ ਰਖ ਕੇ ਬਰਤਾਨਵੀ ਸਾਮਰਾਜੀਆਂ ਨੇ ਸਾਈਮਨ ਕਮਿਸ਼ਨ ਨੂੰ ਹਿੰਦ ਘਲਿਆ ਸੀ ਤਾਂ ਕਿ ਉਨ੍ਹਾਂ ਨੂੰ ਦੁਨੀਆਂ ਦੇ ਸਾਹਮਣੇ ਇਹ ਗੱਲ ਕਹਿਣ ਦਾ ਮੌਕਾ ਮਿਲ ਜਾਵੇ ਕਿ ਹਿੰਦੁਸਤਾਨੀ ਆਪੋ ਵਿੱਚ ਲੜ ਰਹੇ ਹਨ, ਇਹ ਹਾਲਾਂ ਆਜ਼ਾਦੀ ਦੇ ਲਾਇਕ ਨਹੀਂ ਹੋਏ।

੩ ਫ਼ਰਵਰੀ ਨੂੰ ਸਾਰਾ ਦੇਸ਼ ਇਕ ਸਿਰੇ ਤੋਂ ਦੂਜੇ ਸਿਰੇ ਤਕ ਹੜਤਾਲ ਕਰਕੇ ਨਾਹਰਾ ਲਾ ਰਿਹਾ ਸੀ "ਸਾਈਮਨ ਕਮਿਸ਼ਨ ਗੋ ਬੈਕ"। ਇਸੇ ਸਾਈਮਨ ਕਮਿਸ਼ਨ ਦੇ ਸਬੰਧ ਵਿੱਚ ਪਿਛੋਂ ਲਾਹੌਰ ਵਿੱਚ ਲਾਲਾ ਲਾਜਪਤ ਰਾਏ ਦੇ ਲਾਠੀਆਂ ਪਈਆਂ ਤੇ ਇਸ ਦੇ ਬਦਲੇ ਵਿੱਚ ਸ਼ਹੀਦ ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਨੇ ਸੁਪ੍ਰੰਟੈਂਡੰਟ ਪੁਲਸ ਸਾਂਡਰਸ ਨੂੰ ਕਤਲ ਕੀਤਾ ਸੀ। ਫ਼ਿਰਕੂ ਫ਼ਸਾਦਾਂ ਦੇ ਦਿਨਾਂ ਵਿੱਚ ਕੁਝ ਕੌਮੀ ਲੀਡਰ ਵੀ ਆਪਣੇ ਆਪਣੇ ਫ਼ਿਰਕਿਆਂ ਵਿਚ ਵੰਡੇ ਗਏ ਸਨ। ਜਿਵੇਂ ਪੰਡਤ ਮਦਨ ਮੋਹਨ ਮਾਲਵੀਆ ਤੇ ਲਾਲਾ ਲਾਜਪਤ ਰਾਏ ਹਿੰਦੂਆਂ ਵੱਲ ਅਤੇ ਮੌਲਾਨਾ ਜ਼ਫਰ ਅਲੀ ਖਾਂ ਤੇ ਮੁਹੰਮਦ ਅਲੀ, ਸ਼ੌਕਤ ਅਲੀ ਮੁਸਲਮਾਨਾਂ ਵੱਲ। ਪਰ ੩ ਫ਼ਰਵਰੀ ਨੂੰ ਇਹ ਸਾਰੇ ਅੰਮ੍ਰਿਤਸਰ ਵਿੱਚ ਸ਼ਹੀਦਾਂ ਦੀ ਧਰਤੀ ਜਲ੍ਹਿਆਂ ਵਾਲੇ ਬਾਗ ਵਿੱਚ ਹਜ਼ਾਰਾਂ ਹਿੰਦੂ ਮੁਸਲਮਾਨ ਤੇ ਸਿੱਖਾਂ ਦੇ ਸਾਂਝੇ ਇਕੱਠ ਸਾਹਮਣੇ ਗਲਵੱਕੜੀਆਂ ਪਾਈ ਨਾਹਰੇ ਲਾ ਰਹੇ ਸਨ :

"ਸਾਈਮਨ ਕਮਿਸ਼ਨ ਵਾਪਸ ਜਾਓ।" ਕੌਮੀ ਕਵੀ ਇਬਰਾਹੀਮ ਆਜਿਜ਼ ਨੇ ਦੇਸ਼ ਭਗਤੀ ਦੀ ਰੰਗਤ ਵਿੱਚ ਮਸਤ ਹੋ ਕੇ ਇਹ ਸ਼ਿਅਰ ਗਾਂਵਿਆ ਸੀ :

"ਆਜ ਤੋਂ ਮਿਲ ਬੈਠੇ ਹੈਂ ਮਾਲਵੀਆਂ ਜ਼ਫ਼ਰ ਭੀ" ਤਾਂ ਖੁਸ਼ੀ ਵਿੱਚ ਲੋਕਾਂ ਦੇ ਅੱਥਰੂ ਵਹਿ ਤੁਰੇ ਮਾਨੋਂ ਉਹ ਸਾਂਝੇ ਅੱਥਰੂ ਸਭ ਦੇ ਦਿਲਾਂ ਦੀਆਂ ਕਦੂਰਤਾਂ ਨੂੰ ਧੋ ਰਹੇ ਹੋਣ।

ਕੁਝ ਦਿਨਾਂ ਪਿਛੋਂ ਮੈਂ ਘਰ ਆਇਆ ਤਾਂ ਘਰ ਦਿਆਂ ਕਹਿ ਦਿਤਾ "ਜੇ ਤੂੰ ਇਹੋ ਜਿਹੇ ਕੰਮਾਂ ਤੋਂ ਬਾਜ਼ ਨਹੀਂ ਆਉਣਾ ਤਾਂ ਆਪਣਾ ਫ਼ਿਕਰ ਆਪ ਕਰ" ਮੈਨੂੰ ਘਰੋਂ ਕਢ ਦਿਤਾ ਗਿਆ। ਮੈਂ ਸਮਝ ਲਿਆ ਕਿ ਦੁਸ਼ਮਨਾਂ ਦਾ ਦਾਅ ਚਲ ਗਿਆ।

ਬਚਿਆਂ ਨੂੰ ਕਿਸੇ ਗੱਲੋਂ ਵਰਜਣ ਲਈ ਮਾਪੇ ਸਾਧਾਰਨ ਤੌਰ 'ਤੇ ਇਹ ਗੱਲ ਕਹਿ ਦਿਆ ਕਰਦੇ ਨੇ, ਪਰ ਮੇਰੇ ਲਈ ਇਹ ਗੱਲ ਸਾਧਾਰਨ ਨਾ ਰਹਿ ਗਈ। ਸੱਚ ਮੁੱਚ ਹੀ ਮੈਥੋਂ ਘਰ ਬਾਰ ਤੇ ਪਰਵਾਰ ਛੁਟ ਗਿਆ। ਰਾਤ ਦੇ ਦਸ ਵਜੇ ਦਾ ਵੇਲਾ ਸੀ, ਆਪਣੀ ਟੁੱਟੀ ਫੁੱਟੀ ਟਰੰਕੜੀ ਸਿਰ 'ਤੇ ਚੁੱਕੀ ਤੇ ਘਰੋਂ ਬਾਹਰ ਨਿਕਲ ਆਇਆ।

ਆਪਣੇ ਵੇਗ ਵਿੱਚ ਤੁਰਿਆ ਗਿਆ, ਤੁਰਿਆ ਗਿਆ। ਜਿਉਂ ਜਿਉਂ ਪੈਰ ਪੁਟਦਾ ਗਿਆ, ਰਾਤ ਦੇ ਹਨੇਰੇ ਵਿੱਚ ਮਾਨੋਂ ਕਈ ਪਰਕਾਰ ਦੇ ਭਵਿਖ ਨਕਸ਼ੇ ਰੌਸ਼ਨ ਹੋ ਹੋ ਅੱਖਾਂ



Sri Satguru Jagjit Singh Ji eLibrary NamdhariElibrary@gmail.com

ਅਗੋਂ ਇਉਂ ਗੁਜ਼ਰਨ ਲਗੇ ਜਿਵੇਂ ਫ਼ਿਲਮੀ ਤਸਵੀਰਾਂ ਗੁਜ਼ਰ ਜਾਂਦੀਆਂ ਹਨ। ਭਰੇ ਹੋਏ ਦਿਲ ਅਤੇ ਹੰਝੂ ਡੋਲ੍ਹਦੀਆਂ ਅੱਖਾਂ ਦਾ ਸਾਥ ਹੱਥਾਂ ਤੇ ਦਿਮਾਗ ਨੇ ਦਿਤਾ। ਸੜਕ ਕੰਢੇ ਮਿਊਂਸਪੈਲਿਟੀ ਦੇ ਜਗਦੇ ਲੈਂਪ ਥਲੇ ਟਰੰਕੜੀ ਦੇ ਸਹਾਰੇ ਬਹਿ ਗਿਆ। ਹੱਥਾਂ ਨੇ ਮਾਨੋਂ ਆਪ ਮੁਹਾਰੇ ਕਾਗ਼ਜ਼-ਪੈਨਸਲ ਫੜੇ ਤੇ ਇਹ ਸਤਰਾਂ ਫ਼ਟਾ ਫਟ ਧੂਹ ਮਾਰੀਆਂ :-

ਜਿਧਰ ਜਾਂਵਦਾ ਹਾਂ ਉਥੋਂ ਪੈਣ ਧੱਕੇ,
ਪਾਗਲ ਆਖ ਕੇ ਲੋਕ ਬੁਲਾਣ ਮੈਨੂੰ।
ਟਿਚਕਰ ਬਾਜ਼ੀਆਂ ਨਾਲ ਨੇ ਠਿੱਠ ਕਰਦੇ,
ਚੋਟਾਂ ਵੰਨ ਸੁਵੰਨੀਆਂ ਲਾਣ ਮੈਨੂੰ।
ਪਿੱਛੇ ਤਾੜੀਆਂ ਮਾਰ ਕੇ ਨੱਸਦੇ ਨੇ,
ਰਾਹ ਜਾਂਦਿਆਂ ਪਏ ਦੁਖਾਣ ਮੈਨੂੰ।
ਕਿਵੇਂ ਆਣ ਉਦਾਲੜੇ ਹੋਣ 'ਕੱਠੇ,
ਪਾਗਲ ਜਾਣ ਕੇ ਪਏ ਬਣਾਨ ਮੈਨੂੰ।
ਚੋਰੀ ਨਹੀਂ ਕੀਤੀ ਠੱਗੀ ਨਹੀਂ ਮਾਰੀ,
ਜਿਸ ਤੋਂ ਤੰਗ ਕਰਦੇ ਤੀਵੀਂ ਮਰਦ ਮੈਨੂੰ।
ਕਾਹਨੂੰ ਬੋਟੀਆਂ ਤੋੜਦੇ ਲੋਕ ਐਵੇਂ,
ਇਕੋ ਆਪਣੇ ਦੇਸ਼ ਦਾ ਦਰਦ ਮੈਨੂੰ।

ਘਰੋਂ ਕੱਢਿਆ ਘਰ ਦਿਆਂ ਮਾਰ ਧੱਕੇ,
ਕੇਵਲ ਦੇਸ਼ ਦਾ ਦਰਦ ਰਖਾਨ ਖ਼ਾਤਰ।
ਲਾਗੂ ਨਹੀਂ ਬਣਿਆ ਕੋਈ ਯਾਰ ਦੋਸਤ,
ਆਪਣੀ ਜਾਨ ਨੂੰ ਸੁਖੀ ਬਣਾਨ ਖ਼ਾਤਰ।
ਜੀਹਦੇ ਪਾਸ ਬੈਠਾਂ ਓਹੋ ਨੱਕ ਵੱਟੇ,
ਮੱਥੇ ਵੱਟ ਪਾਉਂਦਾ ਆਪਣੀ ਸ਼ਾਨ ਖ਼ਾਤਰ।
ਦਰਦੀ ਸਮਝ ਕੇ ਅਪੜਾਂ ਕੋਲ ਜੀਹਦੇ,
ਅੱਖਾਂ ਫੇਰਦਾ ਦਾਓ ਬਚਾਨ ਖ਼ਾਤਰ।
ਲਾਂਭੇ ਹੋ ਬੈਠੀ ਦੁਨੀਆਂ ਅੱਜ ਮੈਥੋਂ,
ਸੀਨੇ ਚੋਭ ਕੇ, ਤੇਜ਼ ਇਕ ਕਰਦ ਮੈਨੂੰ।
ਐਸੀ ਕਰਦ ਵੱਜੀ ਸੀਨਾ ਪਾਟਿਆ ਜਾਂ,
ਸਗੋਂ ਵਧ ਗਿਆ ਦੇਸ਼ ਦਾ ਦਰਦ ਮੈਨੂੰ।

ਬੁਕੱਲ ਮਾਰ ਝਾਤੀ ਜਾਂ ਮੈਂ ਸੋਚਿਆ ਕਿ,
ਮੇਰੇ ਵਾਸਤੇ ਹੀ ਧੱਕੇ ਖਾਨ ਲਿਖਿਐ ?
ਫ਼ਾਕੇ ਕੱਟਣੇ ਤੇ ਲੀਰਾਂ ਪਾਟੀਆਂ ਦਾ,
ਮੇਰੇ ਲਈ ਸ਼ਿੰਗਾਰ ਭਗਵਾਨ ਲਿਖਿਐ ?
ਭੁੰਜੇ ਰਗੜਦੇ ਹੱਡ ਨਾ ਰਾਤ ਲੰਘੇ,
ਮੇਰੇ ਲਈ ਇਹ ਪਲੰਘ ਵਿਛਾਨ ਲਿਖਿਐ।
ਪੈਰ ਧਰਨ ਨੂੰ ਕਿਤੇ ਨਹੀਂ ਥਾਉਂ ਚੱਪਾ,
ਮੇਰੇ ਰਹਿਣ ਨੂੰ ਸਗੋਂ ਜ਼ਿੰਦਾਨ ਲਿਖਿਐ।
ਲੁੱਟਣ ਐਸ਼ ਜਿਹੜੇ ਮੁਲਕੀ ਲਹੂ ਚੂਸਣ,
ਉਲਟੀ ਪਈ ਦਿਸੇ ਕੈਸੀ ਨਰਦ ਮੈਨੂੰ।
ਮੇਰੇ ਲਈ ਘਰ ਬਾਰ ਪਰਵਾਰ ਛੁੱਟਾ,
ਕਿਉਂਕਿ ਲਗਿਆ ਦੇਸ਼ ਦਾ ਦਰਦ ਮੈਨੂੰ।

ਸੋਚਾਂ ਸੋਚਦੇ ਨੂੰ ਕਿਸੇ ਵਾਜ ਦਿਤੀ,
ਐਵੇਂ ਅੱਥਰੂ ਕਢ ਵਿਖਾ ਨਾਹੀਂ।
ਅਲੋਕਾਰ ਹੋਈ ਤੇਰੇ ਨਾਲ ਕੋਈ ਨਾ,
ਦੇਸ਼ ਸੇਵਕਾਂ ਨੂੰ ਹੋਰ ਥਾਂ ਨਾਹੀਂ।
ਦਰਦੀ ਦੇਸ਼ ਦਾ ਵੱਸਦੇ ਉਸ ਥਾਂ 'ਤੇ,
ਜਿਥੇ ਗ਼ੈਰ ਦੇ ਜਾਣ ਦੀ ਜਾ ਨਾਹੀਂ।
ਕੜੀਆਂ ਬੇੜੀਆਂ ਬਣੇ ਸ਼ਿੰਗਾਰ ਸੁੰਦਰ,
ਕਰਮਾਂ ਬਾਝ ਆਉਂਦੀ ਐਸੀ ਵਾ ਨਾਹੀਂ।
ਪੈਰ ਪੈਰ ਉਤੇ ਤੈਨੂੰ ਰੋਕ ਪੈਣੀ,
ਚਿਹਰਾ ਦਿਸਦਾ ਏ ਹੁਣੇ ਜ਼ਰਦ ਮੈਨੂੰ।
ਅਜੇ ਹਾਰ ਤਿਆਰ ਨੇ ਫਾਂਸੀਆਂ ਦੇ,
ਜੇ ਤੂੰ ਸਮਝਦੈਂ, ਦੇਸ਼ ਦਾ ਦਰਦ ਮੈਨੂੰ।

ਲੁਕਵੀਂ 'ਵਾਜ ਦੀ ਗੱਲ ਸੁਣ ਹੋਸ਼ ਕੀਤੀ,
ਕਾਇਰ ਪੁਣੇ 'ਚੋਂ ਨਿਕਲ ਕੇ ਸ਼ੇਰ ਬਣਿਆ।
ਭਗਤੀ ਦੇਸ਼ ਦੀ ਦੇ ਅੱਗੇ ਔਕੜਾਂ ਇਹ,
ਟਿੱਚ ਜਾਣ ਕੇ ਦਿਲ ਦਲੇਰ ਬਣਿਆ।
ਨਾ ਮੁਸ਼ੰਦਗੀ ਕਿਸੇ ਦੀ ਰਹੀ ਮੈਨੂੰ,
ਕੇਵਲ ਦੇਸ਼ ਭਗਤੀ ਦੇ ਹੀ ਜ਼ੋਰ ਬਣਿਆ।
ਜਾਨ ਹੂਲ ਕੇ ਵੀ ਜਾਨ ਜਾਣ ਦੇਣੀ,
ਸੇਵਕ ਵਤਨ ਦਾ ਝੱਟ ਬਿਨ ਦੇਰ ਬਣਿਆ।
ਸਵਾਧੀਨਤਾ ਦੀ ਖ਼ਾਤਰ ਮਰਾਂਗਾ ਹੁਣ,
ਕੋਈ ਆਖਸੀ ਨਹੀਂ ਨਾਮੁਰਾਦ ਮੈਨੂੰ।
ਫਾਂਸੀ ਗਲੇ ਦੇ ਵਿੱਚ ਤੇ ਲਊਂ ਝੂਟੇ,
ਤਾਂ ਵੀ ਕਹਾਂਗਾ ਦੇਸ਼ ਦਾ ਦਰਦ ਮੈਨੂੰ।



Sri Satguru Jagjit Singh Ji eLibrary NamdhariElibrary@gmail.com

# ਦੋ ਰਚਨਾਵਾਂ/ਨਾਥ ਜੰਡੂਸਿੰਘਾ

## ਗਜ਼ਲ

ਗੱਭਰੂ ਪੁੱਤਰ,
ਮਰਦੇ ਵੇਖ ਕੇ ਮਾਵਾਂ ਦੇ,
ਸਹਿਮ ਗਏ ਨੇ,
ਪਾਣੀ ਪੰਜ ਦਰਿਆਵਾਂ ਦੇ।

ਅੱਤਵਾਦ ਦੀ,
ਹਵਾ ਗੁਆਂਢੋਂ ਆਈ ਹੈ।
ਮੂੰਹ ਝੁਲਸੇ ਨੇ,
ਮਮਤਾ ਦੀਆਂ ਦੁਆਵਾਂ ਦੇ।

ਖਵਰੇ ਕਿਸ ਘਰ,
ਮੌਤ ਪਰਾਹੁਣੀ ਆਵੇਗੀ।
ਰੱਤ ਪੀ ਜਾਂਦੇ,
ਬੋਲ ਕੁਪੱਤੇ ਕਾਵਾਂ ਦੇ।

ਮਾਂ ਦੇ ਪੁੱਤਰ,
ਮਾਂ ਨੂੰ ਵੰਡਣਾ ਚਾਹੁੰਦੇ ਨੇ।
ਕੀ ? ਨਨਕਾਣੇ ਵਾਂਗੂ
ਹੇਮਕੁੰਟ ਨੂੰ ਜਾਵਾਂਗੇ।

ਮਾਨਸ ਕੀ,
ਏਕੋ ਜਾਤ ਨੂੰ ਕੋਈ ਜਾਣੇ ਨਾ।
ਕੀ ਸੰਤਾਂ ਦੀ,
ਬਾਣੀ ਨੂੰ ਦੁਹਰਾਵਾਂਗੇ।

ਧਰਮਦੇ ਨਾਂ ਤੇ,
ਲੋਕਾਂ ਨੂੰ ਮਰਵਾਉਂਦੇ ਹਾਂ।
ਕਦ ਤੱਕ,
ਲੋਥਾਂ ਉਤੇ ਤਖ਼ਤ ਸਜਾਵਾਂਗੇ।

ਹਰ ਥਾਂ ਨੰਗੀ,
ਮੌਤ ਦਾ ਸਜਣੋ ਪਹਿਰਾ ਹੈ।
ਕਿੱਥੇ ਬਹਿਕੇ,
ਸੱਦ ਮਿਰਜ਼ੇ ਦੀ ਲਾਵਾਂਗੇ।

ਕਿਹੜਾ ਵਾਰਸ,
ਦੁੱਖ ਹੀਰਾਂ ਦੇ ਰੋਵੇਗਾ।
ਕਿਥੋਂ ਸ਼ਾਹ ਮੁਹੰਮਦ
ਲੱਭ ਲਿਆਵਾਂਗੇ।

ਧਰਮ ਦੇ ਠੇਕੇਦਾਰੋ,
ਕੁਝ ਤੇ ਸ਼ਰਮ ਕਰੋ।
ਕਦ ਤੱਕ,
ਮਾਸੂਮਾਂ ਦੇ ਕਤਲ ਕਰਾਵਾਂਗੇ।

ਕੋਈ ਤਾਂ ਹੈ,
ਜੁ ਦਰ ਦਰ ਮੌਤਾਂ ਵੰਡਦਾ ਹੈ।
ਕਦ ਤੱਕ ਉਜਾਂ,
ਇਕ ਦੂਜੇ ਤੇ ਲਾਵਾਂਗੇ।

## ਮਰਸੀਆ

ਜਾਂਦੀ ਵਾਰੀ
ਸਜਣੋ ਮੈਨੂੰ,
ਇੰਝ ਵਿਦਿਆ ਕਰ ਦੇਣਾ।

ਸਿਵੇ ਮੇਰੇ 'ਤੇ
ਖੜ ਕੇ ਕੋਈ,
ਗੀਤ ਮੇਰਾ ਪੜ੍ਹ ਦੇਣਾ।

ਇਹ ਜੁ ਗੀਤ
ਮਰਸੀਏ ਮੇਰੇ,
ਨਿੱਤ ਲਿਖਾਂ, ਨਿੱਤ ਗਾਵਾਂ।

ਰਲ ਮਿਲ ਸਈਓ
ਕਰੋ ਦੁਆਵਾਂ
ਮੈਂ ਗਾਉਂਦਾ ਮਰ ਜਾਵਾਂ।

ਮੈਂ ਮੱਥੇ ਦਾ
ਬੁਝਿਆ ਦੀਵਾ,
ਮੇਰਾ ਖੁੱਸ ਗਿਆ ਪਰਛਾਵਾਂ।

ਆਪਣੀ ਹੋਂਦ
ਗੁਆਚੀ ਲੈ ਕੇ
ਮੈਂ ਕੌਣ ਦਿਸ਼ਾ ਵਲ ਜਾਵਾਂ।
ਮੈਂ ਗਾਉਂਦਾ ਮਰ ਜਾਵਾਂ।

ਲੇਖੀਂ ਸਾਡੇ
ਲਿਖੀਆਂ ਮਾਏ,
ਤਪਦੇ ਥਲ ਦੀਆਂ ਰਾਵ੍ਹਾਂ।

ਨਾ ਏਥੇ ਕੋਈ
ਛਿੱਟ ਪਾਣੀ ਦੀ,
ਨ ਕਿਸੇ ਰੁੱਖ ਦੀਆਂ ਛਾਵਾਂ।

ਨਾ ਕੋਈ ਝਰਨਾ
ਖੋਲ੍ਹੇ ਖਿੜਕੀ
ਨਾ ਕੋਈ ਅੰਬਰ ਪਾਟੇ।

ਮੈਂ ਗੀਤਾਂ ਦੀ
ਪਾਵਨ ਧਰਤੀ
ਬੰਜਰ ਹੋ ਹੋ ਜਾਵਾਂ।

ਨਾ ਬੋਹੜਾਂ
ਨ ਚੰਬਾ ਮਹਿਕੇ
ਨ ਕੋਈ ਫੁੱਲ ਮੁਸਕਾਵੇ।

ਏਥੇ ਤਾਂ ਬਸ
ਥੋਰ੍ਹ ਦਾ ਬੂਟਾ,
ਦਿੱਸਦਾ ਟਾਵਾਂ ਟਾਵਾਂ।

ਬੂਹੇ ਮੇਰੇ
ਦਸਤਕ ਦੇਵਣ,
ਰੰਗਾਂ ਦੇ ਪਰਛਾਵੇਂ।

ਉਹ ਚੇਤਰ ਦੀ
ਧੁੱਪ ਨੀ ਮਾਏ
'ਤੇ ਮੈਂ ਢਲਦਾ ਪਰਛਾਵਾਂ।

ਇਕ ਕੰਜਕ ਮੇਰਾ
ਗੀਤ ਹੰਢਾਇਆ
ਪਲ ਪਲ ਵਿਧਵਾ ਹੋਈ।

ਅੱਖਰ ਅੱਖਰ
ਮੈਂ ਹੀ ਵਿਕਿਆ
ਪਰ ਬੋਲ ਨ ਪੁੱਗਿਆ ਸਾਵਾਂ।

ਦੇਵੋ ਕੋਈ
ਅਸੀਸਾਂ ਮੈਨੂੰ
ਕੋਈ ਪੀਰ ਫਕੀਰ ਮਨਾਓ।

ਸੁੱਖਣਾ ਸੁੱਖੋ
ਕਿਤੇ ਦਰਗਾਹੇ....
ਮੈਂ ਭਲਕੇ ਹੀ ਮਰ ਜਾਵਾਂ।

ਪੈਰਾਂ ਵਿਚ ਗੱਡੋ
ਸੇਹ ਦੇ ਤਕਲੇ,
ਅੱਖੀਂ ਮਿਰਚਾਂ ਪਾਵੋ....।

ਐਸਾ ਕਰੋ ਕਿ
ਭੁਲ ਕੇ ਵੀ,
ਨ ਗਰਭ ਜੂਨ ਵਿਚ ਆਵਾਂ........।

*ਪੁਸਤਕ ਵਿਲਕਦੇ ਅੱਖਰ ਵਿਚੋਂ*



Sri Satguru Jagjit Singh Ji eLibrary NamdhariElibrary@gmail.com

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

© 61040
Code : 01824

# For Fitting Diesel Engines in Foreign & INDIAN CAR BODIES




*Specialists in :*

## Mercedes Benz Car Repairing

# AMARJIT MOTOR GARAGE

G.T. Road, Opp. Jalandhar Octroi Post,
PHAGWARA



Sri Satguru Jagjit Singh Ji eLibrary NamdhariElibrary@gmail.com

# ਸੁਣੋ ! ਫ਼ਸਲਾਂ ਕਹਿਣ ਕਹਾਣੀ

*—ਗੁਰਭਜਨ ਗਿੱਲ*

ਭਾਰਤ ਦੇ ਵਿਕਾਸ ਵਿੱਚ ਸਭ ਤੋਂ ਵੱਡੀ ਰੁਕਾਵਟ ਇਥੋਂ ਦੇ ਵਾਸੀਆਂ ਦਾ ਆਪਣੇ ਵਿਰਸੇ ਅਤੇ ਵਿਕਾਸ ਤੋਂ ਨਾ-ਵਾਕਿਫ਼ ਹੋਣਾ ਹੈ ਅਤੇ ਇਸ ਨਾ-ਵਾਕਫ਼ੀ ਦਾ ਕਾਰਨ ਅਨਪੜ੍ਹਤਾ ਦੇ ਨਾਲ-ਨਾਲ ਅਲਗਾਉ ਦਾ ਵਤੀਰਾ ਵੀ ਹੈ। ਅੱਜ ਜਿੱਥੇ ਵਿਸ਼ਵ ਦੇ ਗਿਆਨਵਾਨ ਲੋਕ ਪੁੱਜੇ ਹਨ, ਭਾਰਤ ਉਸ ਥਾਂ ਤੇ ਕਈ ਸਦੀਆਂ ਪਹਿਲਾਂ ਸੀ, ਪਰ ਸਮਾਂ ਪੈਣ ਤੇ ਅਸੀਂ ਪਿਛਲੱਗ ਬਣ ਗਏ ਅਤੇ ਮਗਰੋਂ ਤੁਰੇ ਲੋਕ ਮੰਜ਼ਿਲ ਤੇ ਪਹਿਲਾਂ ਪੁੱਜ ਗਏ। ਇਸ ਦਾ ਦੂਸਰਾ ਕਾਰਨ ਸਾਡੀ ਸੋਝੀ ਵਿੱਚ ਵਿਗਿਆਨਕ ਪਹੁੰਚ ਦਾ ਦਖਲ ਘੱਟ ਹੋਣਾ ਵੀ ਹੈ। ਆਪਣੀਆਂ ਨਿੱਕੀਆਂ ਪ੍ਰਾਪਤੀਆਂ ਨੂੰ ਵਡਿਆਕੇ ਆਪਣੇ ਆਪ ਨੂੰ ਵਿਸ਼ਵ ਸਭਿਅਤਾ ਦਾ ਪੰਘੂੜਾ ਆਖਣ ਵਾਲੇ ਅਸੀਂ ਭਾਰਤੀ ਲੋਕ ਵਰਤਮਾਨ ਦੌਰ ਵਿੱਚ ਵਿਕਸਤ ਦੇਸ਼ਾਂ ਵੱਲ ਹੀ ਝਾਕ ਰਹੇ ਹਾਂ।

**ਫ਼ਸਲਾਂ ਕਹਿਣ ਕਹਾਣੀ** ਪੁਸਤਕ ਇਸ ਦਿਸ਼ਾ ਵਿੱਚ ਬੜਾ ਸੁਘੜ ਯਤਨ ਹੈ। ਹਿੰਦੀ ਲੇਖਕ **ਦੇਵਿੰਦਰ ਮੇਵਾੜੀ** ਨੇ ਵੱਖ-ਵੱਖ ਫ਼ਸਲਾਂ ਦੇ ਆਦਿ-ਬਿੰਦੂ ਤੋਂ ਲੈ ਕੇ ਵਿਕਾਸ ਦੇ ਸਿਖਰਲੇ ਬਿੰਦੂ ਤੀਕ ਸਮੁੱਚਾ ਸਫ਼ਰ ਬੜੇ ਜੀਵੰਤ ਅੰਦਾਜ਼ ਵਿੱਚ ਲਿਖਿਆ ਹੈ ਅਤੇ ਓਨੀ ਹੀ ਸ਼ਕਤੀਵਰ ਭਾਸ਼ਾ ਅਤੇ ਸੁਖੈਨ ਅੰਦਾਜ਼ ਵਿੱਚ **ਖੁਸ਼ਵੰਤ ਬਰਗਾੜੀ** ਨੇ ਇਸ ਨੂੰ ਪੰਜਾਬੀ ਵਿੱਚ ਅਨੁਵਾਦਿਆ ਹੈ। ਇਸ ਪੁਸਤਕ ਵਿੱਚ ਫ਼ਸਲਾਂ ਦੀ ਵਾਰਤਾ ਜਿੱਥੇ ਆਮ ਸਧਾਰਨ ਵਿਅਕਤੀਆਂ ਲਈ ਗਿਆਨ-ਚੇਤਨਾ ਦਾ ਆਧਾਰ ਬਣੇਗੀ ਉਥੇ ਵਿਗਿਆਨ ਜਗਤ ਲਈ ਵਡਮੁੱਲੀ ਸੂਚਨਾ ਦਾ ਕੇਂਦਰ ਬਣੇਗੀ ਅਤੇ ਪੰਜਾਬੀਆਂ ਵਿੱਚ ਵਿਗਿਆਨਕ ਸੋਝੀ ਨੂੰ ਮਿਆਰੀ ਅੰਦਾਜ਼ ਵਿੱਚ ਅੱਗੇ ਵਧਾਉਣ ਦੇ ਰਾਹ ਖੋਲ੍ਹੇਗੀ। ਇਸ ਪੁਸਤਕ ਵਿੱਚ ਸਿਰਫ ਫ਼ਸਲਾਂ ਦਾ ਇਤਿਹਾਸ ਨਹੀਂ ਹੈ ਸਗੋਂ ਮਨੁੱਖੀ ਸਭਿਅਤਾ ਅਤੇ ਮਾਨਸਿਕ ਵਿਕਾਸ ਦੀ ਵੀ ਕਹਾਣੀ ਅੰਕਿਤ ਕੀਤੀ ਗਈ ਹੈ। ਮਨੁੱਖ ਫ਼ਸਲਾਂ ਨੂੰ ਆਪਣੇ ਵਿਕਾਸ ਲਈ ਕਿਵੇਂ ਅਪਨਾਉਂਦਾ ਅਤੇ ਤਿਆਗਦਾ ਰਿਹਾ, ਇਕੱਲੀ ਇਕੱਲੀ ਫ਼ਸਲ ਬਾਰੇ ਬੜੇ ਹੀ ਜਿਉਂਦੇ ਜਾਗਦੇ ਅੰਦਾਜ਼ ਵਿੱਚ ਦੇਵਿੰਦਰ ਮੇਵਾੜੀ ਨੇ ਨਿਸ਼ਾਨਦੇਹੀ ਕੀਤੀ ਹੈ। ਗੁਰਬਾਣੀ ਵਿੱਚ ਪ੍ਰਕ੍ਰਿਤੀ ਦੇ ਵਿਕਾਸ ਲਈ ਅੰਡਜ਼, ਜੇਰਜ, ਸੇਤਜ ਅਤੇ ਉਤਭੁਜ ਦਾ ਜ਼ਿਕਰ ਆਉਂਦਾ ਹੈ ਪਰ ਫਸਲਾਂ ਕੇਵਲ ਉਤਭਜ ਦੀ ਹੀ ਪੈਦਾਵਾਰ ਹਨ ਅਤੇ ਜੰਗਲੀ ਜਾਨਵਰਾਂ ਦਾ ਸ਼ਿਕਾਰ ਕਰਨ ਵਾਲੇ ਆਦਿ -ਮਾਨਵ ਨੇ ਕਿਵੇਂ ਕੰਦਮੂਲ ਭਾਵ ਫ਼ਲ ਪੱਤੇ ਅਤੇ ਜੜ੍ਹਾਂ ਦੀ ਖੁਰਾਕ ਖਾਣ ਤੋਂ ਲੈ ਕੇ ਦਾਣਿਆਂ ਤੱਕ ਦਾ ਸਫ਼ਰ ਕੀਤਾ ਉਸ ਨੂੰ ਦੱਸਣਾ ਜ਼ਰੂਰੀ ਸੀ ਅਤੇ ਇਸ ਕੰਮ ਨੂੰ ਦੇਵਿੰਦਰ ਮੇਵਾੜੀ ਨੇ ਬੜੇ ਵਧੀਆ ਮਿਸ਼ਨਰੀ ਵਜੋਂ ਕੀਤਾ ਹੈ। ਇਹ ਗਿਆਨ ਹਿੰਦੀ ਵਿੱਚ ਹੀ ਰਹਿ ਜਾਣਾ ਸੀ ਜੇਕਰ ਖੁਸ਼ਵੰਤ ਵਰਗਾ ਹਿੰਮਤੀ ਨੌਜਵਾਨ ਇਸ ਨੂੰ ਪੰਜਾਬੀ ਰੂਪ ਵਿੱਚ ਨਾ ਢਾਲਦਾ।

ਨਦੀਆਂ ਦੇ ਕੰਢੇ ਵਿਕਸਤ ਹੋਈਆਂ ਸਭਿਅਤਾਵਾਂ ਦੀ ਕਹਾਣੀ ਵੀ ਇਸ ਪੁਸਤਕ ਵਿਚੋਂ ਮਿਲਦੀ ਹੈ ਅਤੇ ਵਿਕਸਤ ਹੁੰਦੀ ਜੀਵਨ ਜਾਚ ਫ਼ਸਲਾਂ ਦੀ ਜ਼ੁਬਾਨੀ ਹੀ ਬਿਆਨ ਗਈ ਹੈ। ਫ਼ਸਲਾਂ ਦੱਸਦੀਆਂ ਹਨ ਕਿ ਅਸੀਂ ਕਿਥੋਂ-ਕਿਥੋਂ , ਕਿਵੇਂ-ਕਿਵੇਂ , ਕਿਹੜਾ-ਕਿਹੜਾ ਪੜਾਅ ਪਾਰ ਕੀਤਾ ਅਤੇ ਕਿਸ ਧਰਤੀ ਦੇ ਕਿਹੜੇ ਲੋਕਾਂ ਨੇ ਕਿਸ ਲਾਲਚ ਹਿਤ ਸਾਨੂੰ ਅਪਨਾਇਆ ਅਤੇ ਆਪਣੀ ਖੁਰਾਕ ਦਾ ਆਧਾਰ ਬਣਾ ਕੇ ਸਾਨੂੰ ਵਪਾਰਕ ਖੇਤੀ ਦੇ ਕਾਬਲ ਬਣਾ ਕੇ ਵਿਕਾਸ ਦੇ ਬੂਹੇ ਖੋਲ੍ਹੇ।

ਫ਼ਸਲਾਂ ਕਹਿਣ ਕਹਾਣੀ ਨਾਮੀ ਇਸ ਪੁਸਤਕ ਵਿੱਚ ਫ਼ਸਲਾਂ ਕੇਵਲ ਆਪਣੇ ਬਾਰੇ ਹੀ ਨਹੀਂ ਦੱਸਦੀਆਂ ਸਗੋਂ ਦਰਖਤਾਂ ਅਤੇ ਹੋਰ ਬਨਸਪਤੀ ਨਾਲ ਮਨੁੱਖ ਦੇ ਸੰਬੰਧਾਂ ਦੀ ਵੀ ਜਾਣਕਾਰੀ ਦਿੰਦੀਆਂ ਹਨ। ਮਨੁੱਖ ਦੇ ਨਾਲ ਨਾਲ ਚੱਲਦੇ ਸਫ਼ਰ ਦੀ ਕਹਾਣੀ ਹੈ ਇਹ ਪੁਸਤਕ। ਜਿਸ ਖੂਬਸੂਰਤੀ ਨਾਲ ਇਸ ਗਿਆਨਵਾਨ ਸਮਗਰੀ ਨੂੰ ਪਾਠਕਾਂ ਦੇ ਸਨਮੁੱਖ ਪਰੋਸਿਆ ਗਿਆ ਹੈ ਉਹ ਨਿਸਚੇ ਹੀ ਭਵਿੱਖ ਪੀੜ੍ਹੀਆਂ ਨੂੰ ਪ੍ਰਭਾਵਿਤ ਕਰੇਗੀ ਅਤੇ ਗਿਆਨ ਦੇ ਨਵੇਂ ਦਿਸਹੱਦੇ ਖੋਲ੍ਹੇਗੀ। ਵਿਸ਼ਵ ਵਪਾਰ ਸੰਧੀ ਤੋਂ ਬਾਅਦ ਜਦ ਰੱਜੇ-ਪੁੱਜੇ ਦੇਸ਼ ਲਗਪਗ ਹਰ ਫ਼ਸਲ ਅਤੇ ਵਪਾਰਕ ਮੁੱਲ ਵਾਲੀ ਬਨਸਪਤੀ ਦੇ ਪੇਟੈਂਟ ਆਪਣੇ ਹੱਕ ਵਿੱਚ ਕਰਵਾ ਕੇ ਸਮੁੱਚੀ ਦੁਨੀਆਂ ਨੂੰ ਹਮੇਸ਼ਾਂ ਲਈ ਲੁੱਟਣ ਦੇ ਮਨਸੂਬੇ ਬਣਾ ਰਹੇ ਹਨ ਉਸ ਘੜੀ ਇਸ ਦਸਤਾਵੇਜ਼ੀ ਗਿਆਨ ਪੁਸਤਕ ਦਾ ਛਪਣਾ ਯਕੀਨਨ ਸੁਚੱਜੀ ਪਹਿਰੇਦਾਰੀ ਵਰਗਾ ਕਾਰਜ ਹੈ।



Sri Satguru Jagjit Singh Ji eLibrary NamdhariElibrary@gmail.com

ਕਣਕ, ਗੰਨਾ, ਕਪਾਹ, ਆਲੂ, ਤੰਬਾਕੂ, ਚੌਲ, ਮੂੰਗਫ਼ਲੀ, ਮੱਕੀ, ਸੋਇਆਬੀਨ, ਚਾਹ, ਚੁਕੰਦਰ, ਕਾਫ਼ੀ, ਖੁੰਬਾਂ ਆਦਿ ਬਾਰੇ ਬੜੇ ਵਿਸਥਾਰ ਵਿੱਚ ਜਾਣਕਾਰੀ ਦਿੱਤੀ ਗਈ ਹੈ। ਪੁਸਤਕ ਦਾ ਆਰੰਭ ਫ਼ਸਲਾਂ ਦੀ ਕਹਾਣੀ ਤੋਂ ਸ਼ੁਰੂ ਹੁੰਦਾ ਹੈ ਅਤੇ ਕਹਾਣੀ ਚਲਦੀ ਰਹੇਗੀ ਤੇ ਹੋਇਆ ਹੈ ਕਿਉਂਕਿ ਪ੍ਰਬੁੱਧ ਲੇਖਕ ਅਨੁਸਾਰ ਗਿਆਨ, ਵਿਗਿਆਨ ਕਦੇ ਵੀ ਇਕ ਥਾਂ ਨਹੀਂ ਖਲੋਂਦਾ। ਵਿਸ਼ਵ ਭਰ ਦੇ ਵਿਗਿਆਨੀ ਅੱਜ ਵੱਖ-ਵੱਖ ਫ਼ਸਲਾਂ ਦੇ ਸੁਮੇਲ ਕਰਕੇ ਨਵੀਆਂ ਕਿਸਮਾਂ ਜਦ ਵਿਕਸਤ ਕਰ ਰਹੇ ਤਾਂ ਵਿਕਾਸ ਦੀ ਕਹਾਣੀ ਕਿਵੇਂ ਰੁਕ ਸਕਦੀ ਹੈ। ਟਮਾਟਰ ਤੇ ਆਲੂ ਤੋਂ ਮਿਸ਼ਰਤ ਫ਼ਸਲ ਟਮਾਲੂ ਅਤੇ ਹੁਣ ਮਹਾਂ ਆਲੂ ਤੀਕ ਸਫ਼ਰ ਪਹੁੰਚ ਗਿਆ ਹੈ। ਕਣਕ ਦੀ ਟ੍ਰਿਟੀਕਲੇ ਪਹਿਲਾਂ ਕੋਈ ਕਿਸਮ ਨਹੀਂ ਸੀ ਪਰ ਹੁਣ ਵਿਗਿਆਨੀਆਂ ਨੇ ਰਾਈ ਘਾਹ ਅਤੇ ਕਣਕ ਦੇ ਅੰਤਰਜਾਤੀ ਸੰਬੰਧਾਂ ਤੋਂ ਬਾਅਦ ਨਵੀਂ ਫ਼ਸਲ ਵਿਕਸਤ ਕਰ ਲਈ ਹੈ। ਇਹ ਗੱਲ ਵਿਗਿਆਨ ਹੀ ਸਾਨੂੰ ਦੱਸਦਾ ਹੈ ਕਿ ਜਿਹੜਾ ਕੰਮ ਕੁਦਰਤ ਨੇ ਹਜ਼ਾਰਾਂ ਵਰ੍ਹੇ ਲਾ ਕੇ ਕੀਤਾ ਉਸ ਨੂੰ ਭਵਿੱਖਮੁਖੀ ਸੋਚ ਵਾਲੇ ਵਿਗਿਆਨੀ ਕੁਝ ਵਰ੍ਹਿਆਂ ਵਿੱਚ ਹੀ ਸੰਪੂਰਨ ਕਰ ਲੈਂਦੇ ਹਨ। ਇਹ ਗੱਲ ਵੀ ਇਸ ਪੁਸਤਕ ਵਿੱਚ ਥਾਂ-ਥਾਂ ਸੁਭਾਇਮਾਨ ਹੈ ਕਿ ਕਿਸ ਫ਼ਸਲ ਦਾ ਵਿਕਾਸ ਰੁਖ਼ ਕੀ ਹੈ ? ਜਿਵੇਂ ਝੋਨੇ ਦੇ ਸੰਬੰਧ ਵਿੱਚ ਸੁਪਰ ਝੋਨੇ ਦਾ ਵੀ ਜ਼ਿਕਰ ਆਇਆ ਹੈ। ਇਹ ਗੱਲ ਵੀ ਇਸ ਪੁਸਤਕ ਵਿਚੋਂ ਪਤਾ ਲੱਗਦੀ ਹੈ ਕਿ ਕੱਲ੍ਹ ਨੂੰ ਜੇਕਰ ਫ਼ਸਲਾਂ ਤੋਂ ਪਲਾਸਟਿਕ ਤਿਆਰ ਹੋਣ ਲੱਗ ਜਾਵੇ ਤਾਂ ਹੈਰਾਨ ਨਾ ਹੋਣਾ। ਕਿਉਂਕਿ ਇਸ ਦਿਸ਼ਾ ਵਿੱਚ ਵੀ ਵਿਗਿਆਨ ਤੁਰਿਆ ਹੋਇਆ ਹੈ। ਅਜਿਹਾ ਬਨਸਪਤੀ ਤੋਂ ਤਿਆਰ ਪਲਾਸਟਿਕ ਗਲ ਸੜ ਵੀ ਸਕੇਗਾ ਅਤੇ ਵਾਤਾਵਰਨ ਨੂੰ ਪਲੀਤ ਕਰਨ ਦਾ ਕਾਰਜ ਵੀ ਨਹੀਂ ਕਰੇਗਾ। ਜੇਕਰ ਇਸ ਦਿਸ਼ਾ ਵਿੱਚ ਸਫ਼ਲਤਾ ਮਿਲਦੀ ਹੈ ਤਾਂ ਵਿਸ਼ਵ ਨੂੰ ਬਹੁਤ ਵੱਡੇ ਖਤਰੇ ਤੋਂ ਰਾਹਤ ਮਿਲ ਜਾਵੇਗੀ।

'ਫ਼ਸਲਾਂ ਕਹਿਣ ਕਹਾਣੀ' ਰਾਹੀਂ ਦੇਵਿੰਦਰ ਮੇਵਾੜੀ ਨੇ ਕੇਵਲ ਜੁਗਨੂੰਆਂ ਅਤੇ ਰੌਸ਼ਨੀ ਦੇਣ ਵਾਲੇ ਜੀਵਾਂ ਦੇ ਗੁਣਾਂ ਨੂੰ ਫ਼ਸਲਾਂ ਵਿੱਚ ਪਰਤਣ ਦੀ ਗੱਲ ਹੀ ਨਹੀਂ ਦੱਸੀ ਸਗੋਂ ਸਾਡੇ ਹਨੇਰੇ ਮਨਾਂ ਵਿੱਚ ਵੀ ਗਿਆਨ ਦੇ ਚਿਰਾਗ਼ ਰੌਸ਼ਨ ਕੀਤੇ ਹਨ। ਇਹ ਗੱਲ ਅੱਜ ਹੈਰਾਨੀਜਨਕ ਲੱਗਦੀ ਹੈ ਕਿ ਜੁਗਨੂੰਆਂ ਅਤੇ ਜਗਮਗਾਉਣ ਵਾਲੇ ਹੋਰ ਜੀਵਾਂ ਦੇ ਤੱਤਾਂ ਦੀ ਵਰਤੋਂ ਤੋਂ ਬਾਅਦ ਕਿਸਾਨ ਸੌਖਿਆਂ ਜਾਣ ਸਕਿਆ ਕਰਨਗੇ ਕਿ ਫ਼ਸਲ ਨੂੰ ਕਿੰਨੇ ਪਾਣੀ ਦੀ ਕਦੋਂ ਲੋੜ ਹੈ ਜਾਂ ਕਿਹੜੇ ਤੱਤ ਦੀ ਖਾਦ ਕਿਸ ਵਕਤ ਲੋੜੀਂਦੀ ਹੈ। ਅੱਜ ਭਾਵੇਂ ਇਹ ਗੱਲ ਮਨੋਕਲਪਿਤ ਕਹਾਣੀ ਵਰਗੀ ਜਾਪੇ ਪਰ ਆਉਣ ਵਾਲੇ ਸਮੇਂ ਦਾ ਸੱਚ ਇਸ ਨਾਲ ਮਿਲਦਾ ਜੁਲਦਾ ਹੀ ਹੋਵੇਗਾ।

ਇਹ ਗੱਲ ਸਾਨੂੰ ਸਾਰਿਆਂ ਨੂੰ ਚੇਤੇ ਰੱਖਣੀ ਚਾਹੀਦੀ ਹੈ ਕਿ ਜਿਸ ਸਮਾਜ ਨੇ ਸਾਨੂੰ ਗਿਆਨਵਾਨ ਕਰਨ ਵਿੱਚ ਆਪਣੇ ਸੀਮਤ ਸਾਧਨਾਂ ਦੇ ਬਾਵਜੂਦ ਕੋਈ ਕਸਰ ਬਾਕੀ ਨਹੀਂ ਛੱਡੀ ਉਸ ਨੂੰ ਆਪਣੇ ਨਾਲ ਨਾਲ ਤੋਰਨ ਅਤੇ ਵਿਕਾਸ ਦੀ ਮੰਜ਼ਿਲ ਤੇ ਪਹੁੰਚਾਉਣ ਵਿੱਚ ਸਾਡਾ ਵੀ ਕੋਈ ਫ਼ਰਜ਼ ਬਣਦਾ ਹੈ। ਪੰਜਾਬ 'ਚ ਵਸਦੇ ਪੜ੍ਹੇ-ਲਿਖੇ ਵਰਗ ਲਈ ਇਹ ਘੜੀ ਸਿਰਫ ਸੋਚਣ ਦੀ ਨਹੀਂ ਸਗੋਂ ਫਿਕਰ ਵਾਲੀ ਹੋਣੀ ਚਾਹੀਦੀ ਹੈ ਕਿ ਸਾਡੇ ਕੋਲ ਵਿਗਿਆਨਕ ਚੇਤਨਾ ਦੇ ਪਸਾਰੇ ਵਾਲੇ ਸਾਹਿਤ ਦੀ ਬੇਹੱਦ ਕਮੀ ਹੈ ਅਤੇ ਉਸ ਕਮੀ ਕਾਰਨ ਸਾਡੇ ਪੰਜਾਬੀ ਵਿਦਿਆਰਥੀ ਅੰਗਰੇਜ਼ੀ ਅਤੇ ਹਿੰਦੀ ਦੀਆਂ ਆਧਾਰ ਪੁਸਤਕਾਂ ਪੜ੍ਹਨ ਵੱਲ ਦਿਲਚਸਪੀ ਰੱਖਦੇ ਹਨ। ਜੇਕਰ ਅਸੀਂ ਆਪਣੀ ਮਾਤ-ਭਾਸ਼ਾ ਵਿੱਚ ਅਜਿਹੇ ਵਿਗਿਆਨਕ ਸਾਹਿਤ ਨੂੰ ਪੁਨਰ-ਸੁਰਜੀਤ ਕਰਕੇ ਪੇਸ਼ ਨਹੀਂ ਕਰਾਂਗੇ ਤਾਂ ਸਾਡੀ ਮਾਂ-ਬੋਲੀ ਵੀ ਵਿਕਾਸ ਦੇ ਰਾਹ ਨਹੀਂ ਤੁਰ ਸਕੇਗੀ।

'ਫ਼ਸਲਾਂ ਕਹਿਣ ਕਹਾਣੀ' ਪੁਸਤਕ ਕੋਈ ਉਪਦੇਸ਼ ਪੁਸਤਕ ਨਹੀਂ ਸਗੋਂ ਫ਼ਸਲਾਂ ਦਾ ਵਿਗਿਆਨਕ ਇਤਿਹਾਸ ਹੈ। ਜਿਸ ਦਾ ਪਸਾਰ ਹਰ ਪੱਧਰ ਤੇ ਕਰਨ ਨਾਲ ਅਸੀਂ ਵਿਗਿਆਨਕ ਚੇਤਨਾ ਨਾਲ ਮਨਾਂ ਦੀਆਂ ਹਨੇਰੀਆਂ ਗਲੀਆਂ ਨੂੰ ਰੁਸ਼ਨਾ ਸਕਾਂਗੇ ਅਤੇ ਉਹ ਦਿਨ ਦੂਰ ਨਹੀਂ ਜਦ ਅਸੀਂ ਪੰਜਾਬੀ ਆਪਣੇ ਮਾਣਮੱਤੇ ਵਿਗਿਆਨਕ ਵਿਰਸੇ ਦੀ ਰੌਸ਼ਨੀ ਵਿੱਚ ਤੁਰਦੇ ਹੋਏ ਵਿਸ਼ਵ ਨੂੰ ਆਪਣੀ ਹੋਂਦ ਦਾ ਅਹਿਸਾਸ ਮੁੜ ਕਰਾ ਸਕਾਂਗੇ। ਮੈਂ ਇਸ ਪੁਸਤਕ ਦੇ ਲੇਖਕ ਦੇਵਿੰਦਰ ਮੇਵਾੜੀ, ਅਨੁਵਾਦਕ ਖੁਸ਼ਵੰਤ ਬਰਗਾੜੀ ਅਤੇ ਪ੍ਰਕਾਸ਼ਕ ਵੀਰ ਮੇਘਰਾਜ ਮਿੱਤਰ ਦਾ ਧੰਨਵਾਦੀ ਹਾਂ ਜਿਸ ਨੇ ਇੰਨੀ ਖੂਬਸੂਰਤ ਕਿਤਾਬ ਨੂੰ ਸੁਚਿੱਤਰ ਰੂਪ ਵਿੱਚ ਪ੍ਰਕਾਸ਼ਿਤ ਕਰਕੇ ਭਵਿੱਖ ਪੀੜ੍ਹੀਆਂ ਲਈ ਯਾਦਗਾਰੀ ਕਾਰਜ ਕੀਤਾ ਹੈ। ਇਸ ਪੁਸਤਕ ਨੂੰ ਪਿੰਡ-ਪਿੰਡ, ਸ਼ਹਿਰ-ਸ਼ਹਿਰ ਖੁੱਲ੍ਹੇ ਸਕੂਲਾਂ ਕਾਲਜਾਂ ਦੇ ਵਿਦਿਆਰਥੀਆਂ ਤੋਂ ਇਲਾਵਾ ਜ਼ਿੰਦਗੀ ਦੇ ਵੱਖ-ਵੱਖ ਖੇਤਰਾਂ ਵਿੱਚ ਸੇਵਾ ਨਿਭਾ ਰਹੇ ਵਿਅਕਤੀਆਂ ਤੀਕ ਪਹੁੰਚਾਉਣਾ ਚਾਹੀਦਾ ਹੈ, ਇਸ ਨਾਲ ਅਸੀਂ ਵਿਗਿਆਨ ਚੇਤਨਾ ਦੇ ਸਹਾਰੇ ਆਪਣੀ ਵਿਕਾਸ ਰਫ਼ਤਾਰ ਨੂੰ ਤੇਜ਼ ਕਰ ਸਕੀਏ।



Sri Satguru Jagjit Singh Ji eLibrary NamdhariElibrary@gmail.com

## ਖਬਰਨਾਮਾ

### ਉਸਤਾਦ ਤਾਰਾ ਸਿੰਘ ਹਜ਼ੂਰੀ ਰਾਗੀ ਵੀ ਚਲ ਵਸੇ

ਕਾਲ ਦਾ ਚੱਕਰ ਅਰੁਕ ਹੈ। ਸਮਾਂ ਕਦੇ ਖਲੋਂਦਾ ਨਹੀਂ। ਜਿਹੜੇ ਕਲ੍ਹ ਆਏ ਸਨ ਅੱਜ ਉਹਨਾਂ ਨੇ ਜਾਣ ਦੀਆਂ ਤਿਆਰੀਆਂ ਕਰਨੀਆਂ ਹੀ ਸਨ। ਪਿਛਲੇ ਦੋ ਕੁ ਮਹੀਨਿਆਂ ਵਿਚ ਨਾਮਧਾਰੀ ਪੰਥ ਨਾਲ ਸੰਬੰਧਿਤ ਕੁਝ ਅਹਿਮ ਹਸਤੀਆਂ ਸਦੀਵੀ ਵਿਛੋੜਾ ਦੇ ਗਈਆਂ ਹਨ। ਪਹਿਲ "ਬੀਤੇ ਦੀਆਂ ਪੈੜਾਂ" ਪੁਸਤਕ ਲੜੀ ਦੇ ਪ੍ਰਸਿਧ ਲੇਖਕ ਪ੍ਰੀਤਮ ਸਿੰਘ ਕਵੀ ਹੋਰਾਂ ਕੀਤੀ। ਦੋ ਕੁ ਹਫਤਿਆਂ ਦੇ ਵਿਚ ਹੀ ਹੱਲੇ ਦੇ ਦੀਵਾਨ ਦੇ ਟਕਸਾਲੀ ਜਥੇਦਾਰ ਨਿਰੰਜਨ ਸਿੰਘ ਜੀ ਕੱਕੜਾਂ ਵਾਲੇ ਅਕਾਲ ਚਲਾਣਾ ਕਰ ਗਏ। ਉਦੋਂ ਕੁ ਜਿਹੇ ਹੀ ਪ੍ਰਸਿੱਧ ਕਵੀ ਭਾਈ ਨਿਰੰਜਨ ਸਿੰਘ ਮ੍ਰਿਗੇਸ਼ ਵੀ ਗੁਜ਼ਰ ਚੁੱਕੇ ਸਨ ਅਤੇ ਹੁਣ ਜੁਲਾਈ ਦੇ ਮਹੀਨੇ ਵਿਚ ਰਾਗੀ ਤਾਰਾ ਸਿੰਘ ਜੀ ਗੁਰਪੁਰੀ ਪਿਆਨਾ ਕਰ ਗਏ ਹਨ। ਸੰਗੀਤਕਾਰਾਂ, ਕਵੀਆਂ, ਪ੍ਰਚਾਰਕਾਂ, ਜਥੇਦਾਰਾਂ ਦੀ ਇਕ ਪੂਰੀ ਪੀੜ੍ਹੀ ਹੀ ਜਿਵੇਂ ਨਵਿਆਂ ਨੂੰ ਆਪਣੀ ਥਾਂ ਦੇਣ ਵਾਸਤੇ ਸੇਵਾ ਮੁਕਤ ਹੋ ਰਹੀ ਹੈ। ਭਾਈ ਤਾਰਾ ਸਿੰਘ ਜੀ ਰਾਗੀ, ਜਿਹਨਾਂ ਨੂੰ ਤਰਨਤਾਰਨ ਦੇ ਪ੍ਰਸਿੱਧ ਪੁਜਾਰੀਆਂ ਦੇ ਖਾਨਦਾਨ ਨਾਲ ਸੰਬੰਧਿਤ ਹੋਣ ਕਾਰਨ ਤਾਰਾ ਸਿੰਘ ਪੁਜਾਰੀ ਵੀ ਕਿਹਾ ਜਾਂਦਾ ਸੀ, ਨੂੰ ਸਤਿਗੁਰੂ ਪ੍ਰਤਾਪ ਸਿੰਘ ਅਤੇ ਸਤਿਗੁਰੂ ਜਗਜੀਤ ਸਿੰਘ ਦੀ ਹਜ਼ੂਰੀ ਵਿਚ ਕੀਰਤਨ ਕਰਨ ਦਾ ਸਮਾਂ ਮਿਲਦਾ ਰਿਹਾ। ਉਂਝ ਉਹ ਵਰਤਮਾਨ ਸਤਿਗੁਰੂ ਜੀ ਦੇ ਸ੍ਰੀ ਭੈਣੀ ਸਾਹਿਬ ਦੇ ਪਿਛਲੀ ਸਦੀ ਦੇ ਤੀਜੇ ਦਹਾਕੇ ਵਿਚ ਸਥਾਪਿਤ ਵਿਦਿਆਲੇ ਦੇ ਸਹਿਪਾਠੀ ਵੀ ਰਹਿ ਚੁੱਕੇ ਸਨ।

ਇਹਨਾਂ ਦੇ ਪਰਿਵਾਰ ਦਾ ਪਿਛੋਕੜ ਲਲਿਆਣੀ ਜ਼ਿਲ੍ਹਾ ਲਾਹੌਰ ਦੇ ਕਿਰਪਾਲ ਸਿੰਘ ਤੋਂ ਤੁਰਦਾ ਹੈ, ਜੋ ਭੁੱਲਰ ਗੋਤ ਦੇ ਜੱਟ ਭਾਈਚਾਰੇ ਨਾਲ ਸੰਬੰਧਤ ਸਨ। ਉਸ ਦਾ ਪੁੱਤਰ ਸੁੰਦਰ ਸਿੰਘ ਗੁਰੂ ਹਰੀ ਸਿੰਘ ਦੇ ਵੇਲੇ ਨਾਮਧਾਰੀ ਸਿੰਘ ਸਜਿਆ ਸੀ, ਇਹਨੇ ਹੀ ਤਰਨਤਾਰਨ ਦੇ ਇਤਿਹਾਸਕ ਗੁਰਦੁਆਰੇ ਵਿਚ ਸੇਵਾ ਕਰਨ ਲਈ ਰਹਿਣਾ ਸ਼ੁਰੂ ਕੀਤਾ ਸੀ। ਗੁਰਦੁਆਰਾ ਸੁਧਾਰ ਲਹਿਰ ਤੋਂ ਬਾਅਦ ਪੁਜਾਰੀ ਸਿੰਘ ਜਿਸ ਤਰ੍ਹਾਂ ਹੋਰਨਾਂ ਗੁਰਦੁਆਰਿਆਂ ਵਿਚੋਂ ਚਲੇ ਗਏ, ਇਹ ਫਿਰ ਆਪਣੇ ਪਿੰਡ ਲਲਿਆਣੀ ਆ ਗਏ। ਸੁੰਦਰ ਸਿੰਘ ਦਾ ਅਨੰਦ ਅੰਮ੍ਰਿਤਸਰ ਜ਼ਿਲ੍ਹੇ ਵਿਚ ਹੀ ਜੌਹਲਾਂ ਦੇ ਵਡਾਲੇ ਦੇ, ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਨਿਕਟ ਵਰਤੀ ਸਿੱਖ ਦਰੋਗਾ ਦੁੰਮਣ ਸਿੰਘ ਹੋਰਾਂ ਦੀ ਛੋਟੀ ਭੈਣ ਨਾਲ ਹੋਇਆ ਸੀ। ਸੁੰਦਰ ਸਿੰਘ ਲਾਇਸੈਂਸਦਾਰ ਵੀ ਸੀ ਤੇ ੧੯੪੭ ਦੇ ਰਾਮ-ਰੌਲੇ ਵਿਚ ਉਹਨੂੰ ਥਾਣੇਦਾਰ ਨੇ ਪੁਲੀਸ ਥਾਣੇ ਵਿਚ ਸੱਦ ਕੇ ਗੋਲੀ ਮਾਰ ਦਿੱਤੀ ਸੀ।

ਸੁੰਦਰ ਸਿੰਘ ਦੇ ਦੋ ਪੁੱਤਰ ਅਤੇ ਚਾਰ ਪੁੱਤਰੀਆਂ ਸਨ। ਵੱਡੀ ਪੁੱਤਰੀ ਹਰਬੰਸ ਕੌਰ ਚਾਹਲ (ਅੰਮ੍ਰਿਤਸਰ), ਜਸਵੰਤ ਕੌਰ ਕੌਂਟਿਆਂ ਵਾਲੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਹਜ਼ੂਰੀ ਸੇਵਕ ਅਤੇ ਚੌਰੀ ਬਰਦਾਰ ਸੰਤ ਬਹਾਦਰ ਸਿੰਘ ਹੋਰਾਂ ਨਾਲ, ਜੋਗਿੰਦਰ ਕੌਰ ਮੁਰਾਦਪੁਰਾ (ਅੰਮ੍ਰਿਤਸਰ) ਅਤੇ ਸਭ ਤੋਂ ਛੋਟੀ ਅਮਰ ਕੌਰ ਇਕ ਹੋਰ ਨਾਮਧਾਰੀ ਜਥੇਦਾਰ ਤਾਬਾ ਸਿੰਘ ਕੱਕੜ ਨਾਲ ਵਿਆਹੀਆਂ ਗਈਆਂ ਸਨ। ਪੁੱਤਰ ਇਹਨਾਂ ਦੇ ਦੋ ਹੋਏ। ਮਹਿੰਦਰ ਸਿੰਘ ਵੱਡਾ ਸੀ। ਜਿਸ ਦੀ ਸ਼ਾਦੀ ਅੰਮ੍ਰਿਤਸਰ ਸ਼ਹਿਰ ਦੀ ਬੀਬੀ ਰਛਪਾਲ ਕੌਰ ਨਾਲ ਹੋਈ ਉਹ ਸੁਖਦੇਵ ਸਿੰਘ ਅਤੇ ਬਲਦੇਵ ਸਿੰਘ ਦੋ ਛੋਟੇ ਛੋਟੇ ਪੁੱਤਰ ਛੱਡ ਕੇ ਭਰ ਜੁਆਨੀ ਵਿਚ ਹੀ ਪ੍ਰਲੋਕ ਸਿਧਾਰ ਗਿਆ। ਫਿਰ ਮਹਿੰਦਰ ਸਿੰਘ ਤੋਂ ਛੋਟੇ ਤਾਰਾ ਸਿੰਘ ਨੇ ਉਸ ਤੇ ਚਾਦਰ ਪਾ ਲਈ। ਜਿਸ ਵਿਚੋਂ ਬਲਕਾਰ ਸਿੰਘ, ਮੇਜਰ ਸਿੰਘ, ਗੁਲਜਾਰ ਸਿੰਘ ਤਿੰਨ ਪੁੱਤਰ ਅਤੇ ਲਖਬੀਰ ਕੌਰ, ਵੀਰ ਕੌਰ, ਜਗੀਰ ਕੌਰ, ਰਾਜ ਕੌਰ ਚਾਰ ਪੁੱਤਰੀਆਂ ਹੋਈਆਂ।

ਉਸਤਾਦ ਤਾਰਾ ਸਿੰਘ ਦਾ ਜਨਮ ੧੯੧੫ ਈ. ਵਿਚ ਲਲਿਆਣੀ ਵਿਖੇ ਹੀ ਹੋਇਆ ਸੀ। ਪਿਤਾ ਨੇ ਸੰਗੀਤ ਦੀ ਸਿਖਿਆ ਦੁਆਉਣ ਲਈ ਹੀ ਸ੍ਰੀ ਭੈਣੀ ਸਾਹਿਬ ਦੇ ਨਵ-ਸਥਾਪਿਤ ਵਿਦਿਆਲੇ ਵਿਚ ੧੯੨੭ ਈ. ਦੇ ਲਾਗੇ ਚਾਗੇ ਭੇਜ ਦਿੱਤਾ। ਇਥੇ ਤਕਰੀਬਨ ੮-੧੦ ਸਾਲ ਆਪ ਨੇ ਭਾਈ ਹਰਨਾਮ ਸਿੰਘ ਜੀ ਉਸਤਾਦ ਚਵਿੰਡੇ ਵਾਲਿਆਂ ਤੋਂ ਤਾਊਸ ਅਤੇ ਦਿਲਰੁਬਾ ਆਦਿ ਤੰਤੀ ਸਾਜ਼ਾਂ ਦੀ ਗਹਿਣ ਸਿਖਿਆ ਹਾਸਲ ਕੀਤੀ। ਫਿਰ ਪਿੰਡ ਆ ਕੇ ਵਾਹੀ ਕਰਨ ਲੱਗ ਪਏ। ਕਿਉਂਕਿ ਸੰਗੀਤ ਦੇ ਕੰਮਾਂ ਵਿਚ ਬਾਹਰ ਅੰਦਰ ਵੀ ਜਾਣਾ ਪੈਂਦਾ ਸੀ, ਵਾਹੀ ਦੀ ਨਿਗਰਾਨੀ ਉਹਨਾਂ ਦਾ ਛੋਟਾ ਮਾਮਾ, ਦਰੋਗਾ ਜੀ ਦਾ ਛੋਟਾ ਭਰਾ ਕੁੰਦਨ ਸਿੰਘ ਲਲਿਆਣੀ ਰਹਿਕੇ ਕਰਿਆ ਕਰਦਾ ਸੀ।



Sri Satguru Jagjit Singh Ji eLibrary NamdhariElibrary@gmail.com

੧੯੪੭ ਤੋਂ ਬਾਦ ਤਾਰਾ ਸਿੰਘ ਹੋਰਾਂ ਦੀ ਜੱਦੀ ਭੂਮੀ ਦੀ ਅਲਾਟਮੈਂਟ ਪਹਿਲਾਂ ਤਾਂ ਬਾਕੀ ਲਾਹੌਰ ਦੇ ਜ਼ਿਲ੍ਹੇ ਦੇ ਨਾਮਧਾਰੀ ਸਿੱਖਾਂ ਜਿਉਂ ਕਰੀਵਾਲੇ ਹੋਈ। ਪ੍ਰੰਤੂ ਸੰਤ ਨਗਰ ਵਿਖੇ ਉਹਨਾਂ ਦੇ ਬਹਿਨੋਈ ਸੰਤ ਬਹਾਦਰ ਸਿੰਘ ਹੋਰਾਂ ਦਾ ਪਰਿਵਾਰ ਵੰਡ ਤੋਂ ਬਾਅਦ ਆ ਟਿਕਿਆ ਸੀ ਇਸ ਲਈ ਸ. ਅਵਤਾਰ ਸਿੰਘ ਝੱਬਰ ਨੂੰ ਕਹਿਕੇ ਪੈਲੀ ਸੰਤ ਨਗਰ ਪੁਆ ਲਈ। ਇੱਥੇ ਜਦੋਂ ਪੰਜਾਹਵਿਆਂ ਦੇ ਮੁੱਢ ਵਿਚ ਨਾਮਧਾਰੀ ਮਹਾਂ ਵਿਦਿਆਲਾ ਸ੍ਰੀ ਜੀਵਨ ਨਗਰ ਦੀ ਸਥਾਪਨਾ ਹੋਈ ਤਾਂ ਬੱਚਿਆਂ ਨੂੰ ਸੰਗੀਤ ਦੀ ਸਿਖਿਆ ਦੇਣ ਲਈ ਇਥੇ ਆਪ ਜੀ ਨੂੰ ਨਿਯੁਕਤ ਕਰ ਦਿੱਤਾ। ਸੰਗੀਤ ਅਧਿਆਪਕ ਦੇ ਤੌਰ ਤੇ ਇਹਨਾਂ ਨੇ ਪੰਤਗ ਜੀ ਦੇ ਸਪੁੱਤਰ ਗੁਰਦੇਵ ਸਿੰਘ ਜੋ ਕਿ ਅਜ ਕਲ੍ਹ ਵਿਦੇਸ਼ਾਂ ਵਿਚ ਜਾ ਵਸੇ ਹਨ। ਉਸਤਾਦ ਹਰਭਜਨ ਸਿੰਘ, ਸੰਤ ਸਤਨਾਮ ਸਿੰਘ ਮੁਕਤਾ ਜੀ, ਸ. ਬਲੀ ਸਿੰਘ ਬੁਢੀ ਮਾੜੀ, ਸੁਰਿੰਦਰ ਸਿੰਘ ਛਿੰਦਾ ਜੀ ਸੰਤ ਨਗਰ, ਗੁਰਮੁਖ ਸਿੰਘ ਖਾਰੇਵਾਲੇ ਅਤੇ ਹੋਰ ਕਈ ਸ਼ਗਿਰਦਾਂ ਨੂੰ, ਰਾਗ ਵਿਦਿਆ ਗ੍ਰਹਿਣ ਕਰਾਈ ਅਤੇ ਹੋਰ ਵੀ ਕਈ ਰਾਗੀ ਬਣੇ, ਜੋ ਗੁਰੂ ਘਰ ਦੀ ਸੇਵਾ ਕਰ ਰਹੇ ਹਨ ਅਤੇ ਉਸਤਾਦ ਤਾਰਾ ਸਿੰਘ ਜੀ ਦਾ ਪਹਿਲੇ ਉਸਤਾਦ ਵਜੋਂ ਆਦਰ ਸਤਿਕਾਰ ਕਰਦੇ ਹਨ। ੧੯੬੩ ਈ. ਵਿਚ ਪੈਲੀ ਸੰਤ ਨਗਰੋਂ ਵੇਚ ਕੇ ਜ਼ਿਲ੍ਹਾ ਗੰਗਾ ਨਗਰ ਦੇ ਪਿੰਡ ਰੱਤੇ ਵਾਲਾ, ਤਿੰਨ ਬੀ.ਬੀ. ਦੇ ਲਾਗੇ ਭੋਇੰ ਲੈ ਕੇ ਰਹਿਣ ਲੱਗ ਪਏ। ਬੁੱਢਾ ਜੋਹੜ ਦਾ ਇਤਿਹਾਸਕ ਗੁਰਦੁਆਰਾ ਇਥੋਂ ਨੇੜੇ ਹੀ ਸੀ। ਉਦੋਂ ਉੱਥੇ ਸੰਤ ਫਤਹਿ ਸਿੰਘ ਤੇ ਸੰਤ ਚੰਨਣ ਸਿੰਘ ਹੋਰੀਂ ਰਹਿੰਦੇ ਸਨ। ਉਹਨਾਂ ਦੇ ਮੇਲ ਤੋਂ ਬਾਅਦ, ਸ਼੍ਰੋਮਣੀ ਕਮੇਟੀ ਵਿਚ ਸਿੱਖ ਪ੍ਰਚਾਰਕ ਦੀ ਸੇਵਾ ਨਿਭਾਉਂਦੇ ਰਹੇ। ਤਕਰੀਬਨ ਨੌਂ ਸਾਲ ਇਥੇ ਰਹੇ। ਪਰ ਨਾਮਧਾਰੀ ਬਾਣਾ ਅਤੇ ਆਪਣੀ ਮਰਿਆਦਾ ਦੀ ਅਰਦਾਸ ਨਹੀਂ ਛੱਡੀ। ਉਹ ਕਿਸੇ ਵੀ ਦੀਵਾਨ ਵਿਚ ਖੁਲ੍ਹੇ ਸਿੰਘਾਂ ਦੇ ਕਹਿਣ ਤੇ ਅਰਦਾਸ ਨਹੀਂ ਕਰਦੇ ਸਨ। ਉੱਥੇ ਰਹਿੰਦਿਆਂ ਵੀ ਇਹ ਸਮਝਦੇ ਸਨ ਕਿ ਸਾਡਾ ਅਸਲੀ ਘਰ ਤਾਂ ਨਾਮਧਾਰੀ ਪੰਥ ਵਿਚ ਹੀ ਹੈ ਸਮਾਂ ਬਣੇਗਾ। ਮੇਲ ਹੋ ਜਾਏਗਾ।

੧੯੭੦ ਈ. ਦੇ ਲਾਗੇ ਚਾਗੇ ਸਤਿਗੁਰੂ ਜਗਜੀਤ ਸਿੰਘ ਜੀ ਰਾਜਸਥਾਨ ਦਾ ਦੌਰਾ ਕਰਦੇ ਹੋਏ ੫੯ ਆਰ.ਬੀ. ਵਿਚ ਗਏ। ਉਹਨਾਂ ਰਾਗੀ ਜੀ ਨੂੰ ਭੈਣੀ ਸਾਹਿਬ ਆਉਣ ਦਾ ਹੁਕਮ ਲਾ ਦਿੱਤਾ। ਸੋ ੧੯੭੨ ਈ. ਵਿਚ ਰਾਜਸਥਾਨ ਦੀ ਪੈਲੀ ਵੇਚ ਕੇ ਪਹਿਲਾਂ ਹਰੀਕੇ ਪੱਤਣ ਪਾਸ ਕੁਝ ਸਮਾਂ ਰਹੇ ਅਤੇ ਫਿਰ ਜੀਵਨ ਨਗਰ ਦੇ ਨੇੜੇ ਪਿੰਡ ਬਾਲਾਸਰ ਵਿਚ ਆ ਡੇਰਾ ਲਾਇਆ। ਭਤੀਜੇ ਸੁਖਦੇਵ ਸਿੰਘ ਬਲਦੇਵ ਸਿੰਘ ਪਹਿਲਾਂ ੧੫-੨੦ ਸਾਲ ਕਰੀਵਾਲਾ ਵਿਖੇ ਰਹੇ ਅਤੇ ਫਿਰ ਨਾਈਵਾਲਾ ਵਿਖੇ ਆਬਾਦ ਹੋ ਗਏ। ਸੁਖਦੇਵ ਸਿੰਘ ਦੇ ਵੱਡੇ ਲੜਕੇ ਸ਼ਿੰਗਾਰਾ ਸਿੰਘ ਨੂੰ ਸ੍ਰੀ ਸਤਿਗੁਰੂ ਜਗਜੀਤ ਸਿੰਘ ਨੇ ਟਰੇਡਰਜ਼ ਬੈਂਕ ਵਿਚ ਨੌਕਰੀ ਸ੍ਰੀ ਹੰਸਪਾਲ ਜੀ ਨੂੰ ਕਹਿ ਕੇ ਦੁਆ ਦਿੱਤੀ। ਉਹ ਅੱਜ ਕਲ੍ਹ ਪਰਿਵਾਰ ਸਮੇਤ ਰਾਣੀਆਂ ਵਿਖੇ ਰਹਿੰਦਾ ਹੈ।

ਰਾਗੀ ਜੀ ਦਾ ਭੋਗ ਮੇਲਾ ਸ਼ਿੰਗਾਰਾ ਸਿੰਘ ਦੇ ਗ੍ਰਹਿ ਵਿਖੇ ਰਾਣੀਆਂ ਨਗਰ ਵਿਖੇ ੨੩ ਜੁਲਾਈ ੨੦੦੨ ਨੂੰ ਹੋਇਆ। ਜਥੇਦਾਰ ਸੰਤੋਖ ਸਿੰਘ, ਜਥੇਦਾਰ ਸੁਖਦਰਸ਼ਨ ਸਿੰਘ ਅਤੇ ਜਥੇਦਾਰ ਇਕਬਾਲ ਸਿੰਘ (ਸਾਰੇ ਅੰਮ੍ਰਿਤਸਰ ਕਲਾਂ) ਅਤੇ ਜਥੇਦਾਰ ਮਨਧੀਰ ਸਿੰਘ ਨਕੌੜਾ ਨੇ ਦੀਵਾਨ ਸਜਾਏ ਅਤੇ ਕਾਮਰੇਡ ਸੁਵਰਨ ਸਿੰਘ ਵਿਰਕ, ਜ਼ਿਲ੍ਹਾ ਕਾਂਗਰਸ ਦੇ ਮੀਤ ਪ੍ਰਧਾਨ ਮਾਸਟਰ ਸੰਪੂਰਨ ਸਿੰਘ, ਬਲੀ ਸਿੰਘ ਵਹਿਮੀ, ਸਰਦੂਲ ਸਿੰਘ ਸਰਪੰਚ ਕੋਟਲੀ ਅਤੇ ਸ. ਹਰੀ ਸਿੰਘ ਜੀ ਲੰਬੜਦਾਰ (ਵਡਾਣੀਆਂ) ਕਰੀਵਾਲਾ ਆਦਿ ਸੱਜਣਾਂ ਨੇ ਇਸ ਹਜ਼ੂਰੀ ਰਾਗੀ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ।

ਉਹਨਾਂ ਨੂੰ ਸ੍ਰੀ ਭੈਣੀ ਸਾਹਿਬ ਆਪਣੇ ਪਾਸ ਰੱਖ ਕੇ ਸਤਿਗੁਰੂ ਜੀ ਅੰਤਿਮ ਸਮੇਂ ਤੱਕ ਨਿਵਾਜਦੇ ਰਹੇ। ਉਹਨਾਂ ਦੀ ਅਤੇ ਪਰਿਵਾਰ ਦੀ ਮਾਇਕ ਸਹਾਇਤਾ ਵੀ ਕਰਦੇ ਰਹੇ। ਉਹ ਵੀ ਗੁਰੂ ਚਰਨਾਂ ਦੇ ਸਿਦਕੀ ਸਿੱਖ ਸਨ। ਅੰਤਿਮ ਸਮੇਂ ਸਤਿਗੁਰੂ ਜੀ ਦੇ ਸ੍ਰੀ ਭੈਣੀ ਸਾਹਿਬ ਪੁੱਜ ਕੇ ਦਰਸ਼ਨ ਕਰਨ ਦੀ ਇੱਛਾ ਪ੍ਰਗਟ ਕਰਦੇ ਰਹੇ ਜੋ ਪੂਰੀ ਨਾ ਹੋ ਸਕੀ। ਧਰਮ ਅਰਥ ਕੱਢੀ ਮਾਇਆ ਵਿਚੋਂ ਭਾਈ ਸ਼ਿੰਗਾਰਾ ਸਿੰਘ ਨੇ ਇਕ ਇਕ ਸੌ ਰੁਪੈ ਵਰਿਆਮ ਤੇ ਸਤਿਜੁਗ ਦੀ ਭੇਟਾ ਕੀਤੇ।

## ਸਨਖਤਰਵੀ ਯਾਦਗਾਰੀ ਸਮਾਗਮ

ਮਹੰਤ ਆਤਮਾ ਸਿੰਘ ਜੀ ਸਨਖਤਰਵੀ ਦੀ ਚੌਥੀ ਬਰਸੀ ਦੇ ਮੌਕੇ ਤੇ ੩੦ ਜੂਨ ੨੦੦੨ ਦਿਨ ਐਤਵਾਰ ਉਨ੍ਹਾਂ ਦੇ ਪਿੰਡ ਰੌਲੀਆ ਤਹਿਸੀਲ ਦਸੂਹਾ ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਉਨ੍ਹਾਂ ਦੇ ਪਰਿਵਾਰਜਨਾਂ ਵਿਸ਼ੇਸ਼ ਕਰ ਪੁੱਤ-ਪੋਤਰਿਆਂ ਵਲੋਂ ਸ਼ਾਨਦਾਰ ਸਨਖਤਰਵੀ ਯਾਦਗਾਰੀ ਸਮਾਗਮ ਆਯੋਜਿਤ ਕੀਤਾ ਗਿਆ। ਜਥੇਦਾਰ ਸੰਤ ਗੁਰਦੀਪ ਸਿੰਘ ਜੀ ਡੁਗਰੀ ਵਾਲਿਆਂ ਨੇ ਲਗਭਗ ੧੦.੩੦ ਤੋਂ ਆਪਣਾ ਪ੍ਰਭਾਵਸ਼ਾਲੀ ਦੀਵਾਨ ਤੇ ਵਿਆਖਿਆਨ ਆਰੰਭ ਕੀਤਾ। ਉਹਨਾਂ 'ਸਾਧੂ ਕੌਣ ਹੈ ਤੇ



Sri Satguru Jagjit Singh Ji eLibrary NamdhariElibrary@gmail.com

ਸੰਤ ਕੌਣ ਹੈ' ਦੀ ਖੋਲ ਕੇ ਵਿਆਖਿਆ ਕੀਤੀ। ਆਪਣੀ ਪ੍ਰੋੜ੍ਹਤਾ ਲਈ ਗੁਰਬਾਣੀ ਅਤੇ ਇਤਿਹਾਸ ਦੀਆਂ ਟੂਕਾਂ ਦਿੱਤੀਆਂ ਤੇ ਸਿੱਟਾ ਕਢਿਆ ਕਿ ਸਨਖਤਰਾ ਜੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਵਰਤਮਾਨ ਸਤਿਗੁਰੂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ ਦੇ ਸੱਚੇ-ਸੁੱਚੇ ਸੇਵਕਾਂ ਵਿਚੋਂ ਸਨ। ਉਨ੍ਹਾਂ ਸਨਖਤਰਾ ਪਰਿਵਾਰ ਨੂੰ ਆਪਣੇ ਬਜ਼ੁਰਗਾਂ ਵਾਂਗ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਤੇ ਪੂਰਨ ਵਿਸ਼ਵਾਸ ਰੱਖਣ ਦੀ ਪ੍ਰੇਰਣਾ ਦਿੱਤੀ। ਸਾਰਾ ਸਮਾਗਮ ਲਗਭਗ ੧-੦੦ ਵਜੇ ਤੱਕ ਚਲਿਆ। ਤਿੰਨ ਸਧਾਰਨ ਪਾਠਾਂ ਦੇ ਭੋਗ ਪਾਏ ਗਏ। ਇਕ ਪਾਠ ਸਨਖਤਰਾ ਜੀ ਦੇ ਨਮਿਤ, ਇਕ ਮਾਤਾ ਅਮਰ ਕੌਰ ਜੀ ਦੇ ਨਮਿਤ ਤੇ ਇਕ ਪਾਠ ਸੰਤ ਕਿਸ਼ਨ ਸਿੰਘ ਜੀ ਦਸੂਹਾ ਜੋ ਸਨਖਤਰਾ ਜੀ ਦੇ ਸਾਕੋਂ ਭਤੀਜੇ ਸਨ ਦੇ ਨਮਿਤ। ਯਾਦ ਰਹੇ ਕਿਸ਼ਨ ਸਿੰਘ ਜੀ ਨੇ ਸਨਖਤਰਾ ਜੀ ਤੋਂ ਚਾਰ ਦਿਨ ਬਾਦ ਰੌਲੀਆ ਵਿਖੇ ਹੀ ਅਕਾਲ ਚਲਾਣਾ ਕੀਤਾ ਸੀ।

ਸਖਤ ਗਰਮੀ ਦੇ ਬਾਵਜੂਦ ਸੰਗਤਾਂ ਨੇ ਬੜੀ ਸ਼ਾਂਤੀ ਨਾਲ ਸਮਾਗਮ ਦੀ ਹਾਜ਼ਰੀ ਭਰੀ। ਜਲਪਾਨ ਅਤੇ ਲੰਗਰ ਦਾ ਵਿਸ਼ੇਸ਼ ਪ੍ਰਬੰਧ ਸੀ।

*—ਅਜੀਤ ਸਿੰਘ ਮਾਸਟਰ, ਰੌਲੀਆ*

## ਲਿਖਾਰੀ ਸਭਾ ਬਰਨਾਲਾ (ਰਜਿ:) ਵਲੋਂ ਲੇਖਕਾਂ ਦੇ ਰੂ-ਬ-ਰੂ ਸਮਾਗਮ

ਬਰਨਾਲਾ—ਜਿਵੇਂ ਦੀਵੇ ਦੀ ਨਾ ਕੋਈ ਪਾਰਟੀ ਹੁੰਦੀ ਹੈ ਅਤੇ ਨਾ ਹੀ ਕੋਈ ਮਜ਼ਹਬ, ਉਸ ਦਾ ਧਰਮ, ਡਿਊਟੀ ਸਭ ਨੂੰ ਰੋਸ਼ਨੀ ਦੇਣਾ ਹੁੰਦਾ ਹੈ, ਉਸੇ ਤਰ੍ਹਾਂ ਹੀ ਲੇਖਕ ਹੈ, ਜਿਸ ਨੇ ਸਭ ਨੂੰ ਨਿਰੋਏ ਵਿਚਾਰ ਦੇਣੇ ਹੁੰਦੇ ਹਨ। ਇਹ ਪ੍ਰਗਟਾਵਾ ਸ੍ਰੀ ਸ਼ਾਮ ਸਿੰਘ (ਅੰਗ ਸੰਗ) ਨੇ ਇਥੇ ਲਿਖਾਰੀ ਸਭਾ ਬਰਨਾਲਾ (ਰਜਿ.) ਵਲੋਂ ਕਰਵਾਏ ਰੂ-ਬ-ਰੂ ਪ੍ਰੋਗਰਾਮ ਵਿਚ ਪਾਠਕਾਂ ਅਤੇ ਲੇਖਕਾਂ ਦੇ ਸਨਮੁਖ ਹੁੰਦਿਆਂ ਕੀਤਾ। ਉਹਨਾਂ ਕਿਹਾ ਕਿ ਮੈਂ ਹਨੇਰੇ ਵਿਚ ਬੈਠਕੇ ਸੋਚਦਾ ਹਾਂ, ਉਸ ਸਮੇਂ ਵਧੇਰੇ ਵਿਚਾਰ ਸਾਹਮਣੇ ਹੁੰਦੇ ਹਨ। ਉਹ ਹਨੇਰੇ ਨੂੰ ਦੂਰ ਕਰਨ ਅਤੇ ਰੋਸ਼ਨੀ ਪਸਾਰਨ ਵਾਲੇ ਵਿਚਾਰ ਹੁੰਦੇ ਹਨ। ਉਹਨਾਂ ਕਿਹਾ ਕਿ ਖੁਲ੍ਹੀ ਕਵਿਤਾ ਇਕ ਤਰ੍ਹਾਂ ਨਾਲ ਵਾਰਤਕ ਹੀ ਹੁੰਦੀ ਹੈ, ਇਸੇ ਲਈ ਉਹ ਲੋਕਾਂ ਵਿਚ ਵਧੇਰੇ ਮਕਬੂਲ ਨਹੀਂ ਹੁੰਦੀ।

ਵਿਚਾਰਧਾਰਾ ਦੀ ਚਰਚਾ ਕਰਦਿਆਂ ਉਹਨਾਂ ਕਿਹਾ ਕਿ ਮੈਂ ਮਾਰਕਸਵਾਦ ਤੋਂ ਪ੍ਰਭਾਵਤ ਹਾਂ ਅਤੇ ਗੁਰਬਾਣੀ ਨੂੰ ਵੀ ਗ੍ਰਹਿਣ ਕੀਤਾ ਹੈ। ਜਿਸ ਤਰ੍ਹਾਂ ਗੁਰਬਾਣੀ ਮਨ ਮੰਤਰ ਨਹੀਂ, ਇਕ ਚੰਗੇਰੀ ਜੀਵਨ ਜਾਚ ਹੈ, ਉਸੇ ਤਰ੍ਹਾਂ ਮਾਰਕਸਵਾਦ ਕੇਵਲ ਨਾਹਰਿਆਂ ਲਈ ਨਹੀਂ ਹੈ। ਉਹਨਾਂ ਕਿਹਾ ਲੋਕ ਲਹਿਰਾਂ ਵਿਚ ਕੰਮ ਕਰ ਰਹੇ ਸੁਹਿਰਦ ਕਾਰਕੁਨ ਜੇ ਪਾਰਟੀ ਵਲਗਣਾਂ ਵਿਚੋਂ ਨਿਕਲਕੇ ਇਕ ਥਾਂ ਇਕੱਠੇ ਹੋ ਜਾਣ ਤਾਂ ਸਾਰਥਕ ਨਤੀਜੇ ਸਾਹਮਣੇ ਆ ਸਕਦੇ ਹਨ।

ਉਹਨਾਂ ਆਪਣੀ ਕਾਵਿ-ਪੁਸਤਕ 'ਰੂਹ ਦੇ ਬੋਲ' ਦੇ ਨਾਉਂ ਰੱਖਣ ਅਤੇ ਇਸ ਵਿਚਲੀਆਂ ਕਵਿਤਾਵਾਂ, ਗੀਤਾਂ ਅਤੇ ਗਜ਼ਲਾਂ ਦੀਆਂ ਚੋਣਾਂ ਬਾਰੇ ਵੀ ਜਾਣਕਾਰੀ ਦਿੱਤੀ। ਉਹਨਾਂ ਕਿਹਾ ਕਿ ਜਿਸ ਤਰ੍ਹਾਂ 'ਸ਼ਬਦ' ਵਿਚ ਸਰਬਪੱਖੀ ਭਾਵ ਹੁੰਦੇ ਹਨ, ਮੇਰੇ ਲਈ 'ਰੂਹ' ਦੇ ਅਜਿਹੇ ਹੀ ਅਰਥ ਹਨ। ਇਹ ਧਰਤੀ ਅਤੇ ਆਲੇ ਦੁਆਲੇ ਨਾਲੋਂ ਟੁੱਟੀ ਹੋਈ, ਹਵਾਈ ਗੱਲ ਨਹੀਂ ਹੈ।

ਡਾ. ਸ਼ਰਨਜੀਤ ਕੌਰ ਨੇ ਰੂ-ਬ-ਰੂ ਹੋ ਰਹੇ ਲੇਖਕ ਸ਼ਾਮ ਸਿੰਘ ਦੀ ਜਾਣ ਪਛਾਣ ਕਰਵਾਉਂਦਿਆਂ ਉਹਨਾਂ ਦੀ ਕਵਿਤਾ ਅਤੇ ਵਾਰਤਕ ਦੇ ਨਵੇਕਲੇਪਣ ਦੀ ਚਰਚਾ ਕੀਤੀ। ਉਹਨਾਂ ਕਿਹਾ ਕਿ ਜਿਥੇ ਕਵਿਤਾ ਵਿਚ ਸੂਖਮਤਾ ਅਤੇ ਸਰਲਤਾ ਹੈ, ਉਥੇ ਵਾਰਤਕ ਵਿਚ ਕਾਵਿਕਤਾ ਵੀ ਵੇਖੀ ਜਾ ਸਕਦੀ ਹੈ।

ਸਮਾਗਮ ਦੇ ਪ੍ਰਧਾਨ ਡਾ. ਲਾਭ ਸਿੰਘ ਖੀਵਾ (ਪ੍ਰਿੰਸੀਪਲ, ਨੇ ਕਿਹਾ ਕਿ ਸ਼ਾਮ ਸਿੰਘ ਆਪਣੀਆਂ ਲਿਖਤਾਂ ਅਤੇ ਆਮ ਵਿਹਾਰ ਵਿਚ ਬੇਬਾਕ ਤਾਂ ਹੈ ਪਰ ਮੂੰਹ ਫਟ ਨਹੀਂ ਹੈ। ਜਿਵੇਂ ਹੋਰ ਲੇਖਕਾਂ ਦੇ ਕਿੱਤੇ ਅਤੇ ਲਿਖਤ ਕਾਰਜ ਦਾ ਦਵੰਦ ਹੁੰਦਾ ਹੈ, ਉਹ ਸ਼ਾਮ ਸਿੰਘ ਵਿਚ ਵੀ ਹੈ, ਭਾਵੇਂ ਕਿ ਉਹਨਾਂ ਦਾ ਪੱਤਰਕਾਰੀ ਕਿੱਤਾ, ਲਿਖਣ ਪੜ੍ਹਣ ਨਾਲ ਹੀ ਸੰਬੰਧਤ ਹੈ। ਉਹਨਾਂ ਕਿਹਾ ਸ਼ਾਮ ਸਿੰਘ ਦਾ ਬਹੁਰੰਗਾ ਵਿਅਕਤੀਤਵ ਹੈ। ਉਰਦੂ ਅਦਬ ਵਿਚ ਮਹਿਫਲਾਂ ਦੀ ਵਿਸ਼ੇਸ਼ ਥਾਂ ਜੋ ਪੰਜਾਬੀ ਲੇਖਕਾਂ ਵਿਚ ਸ਼ਰਾਬ ਤੱਕ ਹੀ ਸਿਮਟ ਗਈਆਂ ਹਨ। ਪਰ ਜਿਹਨਾਂ ਮਹਿਫਲਾਂ ਵਿਚ ਸ਼ਾਮ ਸਿੰਘ ਸ਼ਾਮਲ ਹੁੰਦਾ ਹੈ, ਉਥੇ ਉਰਦੂ ਵਾਲੀ ਸਾਹਿਤਕਤਾ ਵੇਖੀ ਜਾ ਸਕਦੀ ਹੈ। ਡਾਕਟਰ ਖੀਵਾ ਨੇ ਸਮਾਗਮ ਵਿਚ ਪੇਸ਼ ਹੋਈ ਗਾਇਕੀ ਦੀ ਸ਼ਲਾਘਾ ਕੀਤੀ ਅਤੇ ਇਸ ਗੱਲ ਉੱਤੇ ਜ਼ੋਰ ਦਿੱਤਾ ਕਿ ਇਸਨੂੰ ਲਚਰ ਗਾਇਕੀ ਦੇ ਮੁਕਾਬਲੇ ਲੋਕਾਂ ਸਾਹਮਣੇ ਲਿਆਂਦਾ ਜਾਣਾ ਚਾਹੀਦਾ ਹੈ।

ਇਸ ਮੌਕੇ 'ਠੇਕੇਦਾਰ ਨਰਾਇਣ ਸਿੰਘ ਯਾਦਗਾਰੀ ਪੁਰਸਕਾਰ' ਸਭਾ ਦੇ ਪ੍ਰਧਾਨ ਪ੍ਰੋ. ਪ੍ਰੀਤਮ ਸਿੰਘ ਰਾਹੀ, ਮੀਤ



Sri Satguru Jagjit Singh Ji eLibrary NamdhariElibrary@gmail.com

ਪ੍ਰਧਾਨ ਨਿਰੰਜਨ ਸ਼ਰਮਾ ਸੇਖਾ, ਜਨਰਲ ਸਕੱਤਰ ਜਗੀਰ ਸਿੰਘ ਜਗਤਾਰ ਨੇ ਭੇਟ ਕਰਕੇ ਸ਼ਾਮ ਸਿੰਘ ਦਾ ਸਨਮਾਨ ਕੀਤਾ। ਸੁਲਖਣ ਮੀਤ ਲਿਖਤ ਕਹਾਣੀ ਸੰਗ੍ਰਹਿ 'ਦਾਨਾ ਦੁਸ਼ਮਣ' ਰਿਲੀਜ਼ ਕੀਤਾ। ਮੰਚ ਸੰਚਾਲਣ ਡਾ. ਜੋਗਿੰਦਰ ਸਿੰਘ ਨਿਰਾਲਾ ਨੇ ਕੀਤਾ। ਅਗਲਾ ਰੂ-ਬ-ਰੂ ਪ੍ਰੋਗਰਾਮ ਜੋ ੮ ਸਤੰਬਰ ਨੂੰ ਰਖਿਆ ਗਿਆ, ਉਸ ਨੂੰ 'ਪੁਸਤਕ-ਖਰੀਦ ਮੁਹਿੰਮ ਨਾਲ ਜੋੜਨ ਦਾ ਸੱਦਾ ਦਿੰਦਿਆਂ ਕਿਹਾ ਕਿ ਉਸ ਮੌਕੇ ਨੈਸ਼ਨਲ ਬੁਕ ਟਰੱਸਟ, ਨਵੀਂ ਦਿੱਲੀ ਵਲੋਂ ਵਿਸ਼ੇਸ਼ ਤੌਰ ਉੱਤੇ ਪੁਸਤਕ ਪ੍ਰਦਰਸ਼ਨੀ ਲਾਈ ਜਾਵੇਗੀ।

*—ਡਾ. ਜੋਗਿੰਦਰ ਸਿੰਘ ਨਿਰਾਲਾ*

## ਪੰਜਾਬੀ ਸਾਹਿਤ ਅਕਾਡਮੀ ਵਲੋਂ ਸੁਰਮਈ ਸ਼ਾਮ ਦਾ ਆਯੋਜਨ

ਲੁਧਿਆਣਾ—ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਵਲੋਂ ਸਥਾਨਕ ਪੰਜਾਬੀ ਭਵਨ ਦੇ ਸੈਮੀਨਾਰ ਹਾਲ ਵਿਚ ਸੁਰਮਈ ਸ਼ਾਮ ਪ੍ਰੋਗਰਾਮ ਆਯੋਜਿਤ ਕੀਤਾ ਗਿਆ, ਜਿਸ ਦੀ ਪ੍ਰਧਾਨਗੀ ਅਕਾਡਮੀ ਦੇ ਪ੍ਰਧਾਨ ਡਾ. ਸੁਰਜੀਤ ਪਾਤਰ ਨੇ ਕੀਤੀ। ਅਕਾਡਮੀ ਦੇ ਸਕੱਤਰ ਅਤੇ ਮੰਚ ਸੰਚਾਲਕ ਸ਼ਾਇਰ ਜਸਵੰਤ ਜ਼ਫ਼ਰ ਨੇ ਗਾਇਕ ਸ੍ਰੀ ਰਵੀ ਕਾਂਤ ਅਤੇ ਤਬਲੇ ਤੇ ਉਨ੍ਹਾਂ ਨਾਲ ਸੰਗਤ ਕਰਨ ਵਾਲੇ ਸ੍ਰੀ ਕ੍ਰਿਸ਼ਨ ਬਲਦੇਵ ਬਾਰੇ ਜਾਣਕਾਰੀ ਦਿੰਦੇ ਅਕਾਡਮੀ ਵਲੋਂ ਸ਼ੁਰੂ ਕੀਤੇ ਇਸ ਗੀਤਮਈ ਪ੍ਰੋਗਰਾਮ ਦੀ ਮਹਤੱਤਾ ਬਾਰੇ ਵੀ ਦੱਸਿਆ। ਡਾ. ਸੁਰਜੀਤ ਪਾਤਰ ਤੇ ਪ੍ਰੋ. ਰਵਿੰਦਰ ਭੱਠਲ ਨੇ ਸ਼ਮ੍ਹਾਂ ਰੌਸ਼ਨ ਕੀਤੀ। ਡਾ. ਸੁਰਜੀਤ ਪਾਤਰ ਨੇ ਕਿਹਾ ਕਿ ਅੱਜ ਦੇ ਤਣਾਅ ਵਾਲੇ ਮਾਹੌਲ ਵਿਚ ਸੰਗੀਤ ਤੇ ਸ਼ਾਇਰੀ ਰੂਹ ਨੂੰ ਸਕੂਨ ਬਖਸ਼ ਸਕਦੇ ਸਨ।

ਸ੍ਰੀ ਰਵੀ ਕਾਂਤ ਨੇ ਆਪਣੇ ਬਾਰੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਉਹ ਜੰਡਿਆਲਾ ਗੁਰੂ ਅੰਮ੍ਰਿਤਸਰ ਦੇ ਰਹਿਣ ਵਾਲੇ ਹਨ। ਅੱਜਕਲ੍ਹ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ ਸੰਗੀਤ ਵਿਭਾਗ ਵਿਚ ਸਿਤਾਰਵਾਦਨ ਦੇ ਅਧਿਆਪਕ ਹਨ। ਉਨ੍ਹਾਂ ਨੂੰ ਆਪਣੇ ਪਿਤਾ ਸ੍ਰੀ ਕਾਂਸ਼ੀ ਰਾਮ ਤੇ ਵੱਡੇ ਭਰਾਤਾ ਸ੍ਰੀ ਬਲਦੇਵ ਰਾਜ ਤੋਂ ਸੰਗੀਤ ਦੀ ਪ੍ਰੇਰਣਾ ਮਿਲੀ। ਸ੍ਰੀ ਠਾਕੁਰ ਧਰਾ ਚੰਦ ਨੂੰ ਗੁਰੂ ਧਾਰ ਕੇ ਉਨ੍ਹਾਂ ਤੋਂ ਸੰਗੀਤ ਦੀ ਸਿੱਖਿਆ ਹਾਸਿਲ ਕੀਤੀ। ਯੂਨੀਵਰਸਿਟੀ ਦੇ ਵਰਤਮਾਨ ਵਾਈਸ ਚਾਂਸਲਰ ਡਾ. ਐਸ.ਪੀ. ਸਿੰਘ ਵੀ ਉਨ੍ਹਾਂ ਦਾ ਹੌਸਲਾ ਵਧਾਉਂਦੇ ਹਨ। ਸ੍ਰੀ ਰਵੀ ਕਾਂਤ ਨੇ ਆਪਣੀ ਮਿੱਠੀ ਤੇ ਸੁਰੀਲੀ ਆਵਾਜ਼ ਵਿਚ ਪੰਜਾਬੀ ਸਾਹਿਤ ਅਕਾਡਮੀ ਦੇ ਸੀਨੀਅਰ ਮੀਤ ਪ੍ਰਧਾਨ ਪ੍ਰੋ. ਗੁਰਭਜਨ ਗਿੱਲ ਦਾ ਗੀਤ 'ਬੋਲ ਮਿੱਟੀ ਦਿਆਂ ਬਾਵਿਆ, ਤੇਰਾ ਹਾਸਾ ਕਿਸ ਨੇ ਖਾ ਲਿਆ', ਉਰਦੂ ਦੇ ਮਹਾਂ ਕਵੀ ਮਿਰਜ਼ਾ ਗ਼ਾਲਿਬ ਦੀ ਗ਼ਜ਼ਲ 'ਕੋਈ ਉਮੀਦ ਬਰ ਨਜ਼ਰ ਨਹੀਂ ਆਤੀ' ਅਤੇ 'ਦਿਲੇ ਨਾਦਾਂ ਤੁਝੇ ਹੁਆ ਕਿਆ ਹੈ' ਤੋਂ ਬਿਨਾਂ ਗਿਆਨ ਸਿੰਘ ਮਹਿਰਮ ਦਾ ਗੀਤ 'ਕੁਝ ਦਿਨ ਹੋਏ ਕੁਝ ਯਾਦ ਨਹੀਂ, ਤੇਰੀ ਯਾਦ ਆਈ ਤੇਰੇ ਬਾਅਦ ਨਹੀਂ' ਸੁਣਾਉਣ ਉਪਰੰਤ ਵਾਰਿਸ ਸ਼ਾਹ ਦੀ ਹੀਰ, ਸ਼ਾਹ ਹੁਸੈਨ ਦੀ ਕਾਫੀ, ਜਨਾਬ ਬਸ਼ੀਰ ਬਦਰ ਦੀ ਇਕ ਗ਼ਜ਼ਲ ਤੇ ਇਕ ਪੰਜਾਬੀ ਗੀਤ 'ਨਿੱਤ ਲੈਂਦੇ ਲੋਕੀ ਤੇਰਾ ਮੇਰਾ ਨਾਂ ਪਿਆਰ ਸਾਡਾ ਰੱਬ ਵਰਗਾ' ਸੁਣਾ ਕੇ ਸਰੋਤੇ ਝੂਮਣ ਲਾ ਦਿੱਤੇ।

ਇਸ ਸੁਰਮਈ ਸ਼ਾਮ ਵਿਚ ਹੋਰਨਾਂ ਤੋਂ ਇਲਾਵਾ ਪ੍ਰਿੰ. ਪ੍ਰੇਮ ਸਿੰਘ ਬਜਾਜ, ਡਾ. ਸੁਰਜੀਤ ਪਾਤਰ, ਪ੍ਰੋ. ਗੁਰਭਜਨ ਗਿੱਲ, ਡਾ. ਫਕੀਰ ਚੰਦ ਸ਼ੁਕਲਾ, ਰਣਧੀਰ ਕੰਵਲ, ਸੁਰਿੰਦਰਜੀਤ ਕੌਰ, ਜਸਵੰਤ ਜ਼ਫਰ, ਪ੍ਰੋ. ਰਵਿੰਦਰ ਭੱਠਲ, ਡਾ.ਸ.ਨ.ਸੇਵਕ, ਐਚ.ਰੰਧਾਵਾ, ਭੁਪਿੰਦਰ ਹਰਸ਼, ਦੇਵਿੰਦਰ ਸੇਖਾ, ਤਰਲੋਚਨ, ਮੋਤਾ ਸਿੰਘ, ਪ੍ਰਸ਼ੋਤਮ, ਜਨਮੇਜਾ ਜੌਹਲ, ਸਰਦਾਰ ਪੰਛੀ, ਬੁੱਧ ਸਿੰਘ ਨੀਲੋਂ, ਚਰਨਜੀਤ ਸਿੰਘ, ਸੁਰਿੰਦਰ ਕੈਲੇ, ਡਾ. ਪ੍ਰਿਥੀਪਾਲ ਸਿੰਘ ਸੋਹੀ, ਹਰਵਿੰਦਰ ਕੌਰ ਸੋਹੀ, ਪ੍ਰੋ. ਸੁਰਿੰਦਰ ਕੌਰ ਭੱਠਲ, ਤੀਰਥ ਸਿੰਘ ਗਿੱਲ, ਆਦਿ ਹਾਜ਼ਰ ਹਨ।

*—ਬੁੱਧ ਸਿੰਘ ਨੀਲੋਂ*

## ਸੰਤ ਖ਼ਜ਼ਾਨ ਸਿੰਘ ਰਾਗੀ ਦੀ ਪਹਿਲੀ ਬਰਸੀ

ਨਾਭਾ : ਨਾਮਧਾਰੀ ਦਰਬਾਰ ਦੇ ਪ੍ਰਮੁੱਖ ਹਜ਼ੂਰੀ ਰਾਗੀ ਸੰਤ ਖ਼ਜ਼ਾਨ ਸਿੰਘ ਜੋ ਪਿਛਲੇ ਸਾਲ ਅਕਾਲ ਚਲਾਣਾ ਕਰ ਗਏ ਸਨ ਦੀ ਪਹਿਲੀ ਬਰਸੀ ਦੇ ਸੰਬੰਧ ਵਿੱਚ ਉਹਨਾਂ ਦੇ ਗ੍ਰਹਿ ਦੋਜੀਆਂ ਸਟਰੀਟ ਨਾਭਾ ਵਿਖੇ ਉਹਨਾਂ ਦੇ ਸਪੁੱਤਰਾਂ ਸਤਿੰਦਰ ਸਿੰਘ ਸੰਧੂ (ਪੱਪੀ) ਤੇ ਜਸਵਿੰਦਰ ਸਿੰਘ ਸੰਧੂ ਅਤੇ ਸਪੁਤਨੀ ਪ੍ਰੀਤਮ ਕੌਰ ਨੇ ਸਮੂੰਹ ਪਰਿਵਾਰ ਸਹਿਤ ਪਾਠ ਕਰਵਾਇਆ ਜਿਸ ਦਾ ਭੋਗ ੧੧ ਅਗਸਤ ਦਿਨ ਐਤਵਾਰ ਨੂੰ ਪਾਇਆ ਗਿਆ।

ਪਾਠ ਦੇ ਭੋਗ ਤੋਂ ਪਹਿਲਾਂ ਸਤਿਗੁਰੂ ਜਗਜੀਤ ਸਿੰਘ ਜੀ ਦੇ ਹਜ਼ੂਰੀ ਰਾਗੀ ਜੱਥੇ ਸੰਤ ਹਰਬੰਸ ਸਿੰਘ ਘੁੱਲਾ ਅਤੇ ਸੰਤ ਸ਼ੇਰ ਸਿੰਘ ਨੇ ਬਹੁਤ ਹੀ ਵੈਰਾਗਮਈ ਕੀਰਤਨ ਕੀਤਾ।



Sri Satguru Jagjit Singh Ji eLibrary NamdhariElibrary@gmail.com

ਹਜ਼ੂਰੀ ਰਾਗੀ ਜੱਥੇ ਨੇ ਤਿੰਨ ਸ਼ਬਦਾਂ ਦਾ ਗਾਇਨ ਕੀਤਾ :

੧. "ਸਾਧੋ ਰਚਨਾ ਰਾਮਿ ਬਨਾਈ॥"

੨. "ਕਿਸੁ ਨਾਲਿ ਕੀਚੈ ਦੋਸਤੀ ਸਭੁ ਜਗੁ ਚਲਣਹਾਰੁ॥"

੩. "ਸੱਜਣ ਮੇਰੇ ਰੰਗੁਲੇ ਜਾਇ ਸੁਤੇ ਜੀਰਾਣਿ॥"

ਹਜ਼ੂਰੀ ਰਾਗੀ ਜੱਥੇ ਨੇ ਉਪਰੋਕਤ ਸ਼ਬਦਾਂ ਦਾ ਗਾਇਨ ਕਰਦਿਆਂ ਹੋਇਆ ਸੰਸਾਰ ਅਤੇ ਜੀਵਨ ਦੀ ਨਾਸ਼ਮਾਨਤਾ ਦੇ ਸੰਬੰਧ ਵਿੱਚ ਅਨੇਕਾਂ ਹੀ ਗੁਰਬਾਣੀ ਦੇ ਪ੍ਰਮਾਣ ਦੇ ਕੇ ਹਾਜ਼ਰ ਸਰੋਤਿਆਂ ਨੂੰ ਵੈਰਾਗੀ ਕਰ ਦਿੱਤਾ। ਰਾਗੀ ਜੱਥੇ ਦੇ ਨਜ਼ਦੀਕ ਬੈਠੇ ਗਿਆਨੀ ਲਾਭ ਸਿੰਘ ਅਮਲੋਕ ਵੀ ਕੀਰਤਨ ਸਮੇਂ ਕਈ ਪ੍ਰਮਾਣ ਦੇਂਦੇ ਰਹੇ।

ਸੰਤ ਖ਼ਜ਼ਾਨ ਸਿੰਘ ਰਾਗੀ ਨੂੰ ਸ਼ਰਧਾਂਜਲੀ ਭੇਂਟ ਕਰਦਿਆ ਹੋਇਆ ਪੰਡਿਤ ਬਲਬੀਰ ਸਿੰਘ ਨਾਮਧਾਰੀ (ਨਾਭਾ) ਨੇ ਕਿਹਾ ਕਿ ਸੰਤ ਖ਼ਜ਼ਾਨ ਸਿੰਘ ਰਾਗੀ ਬਿਨਾ ਕੇਵਲ ਨਾਭਾ ਹੀ ਨਹੀਂ, ਸਮੁੱਚਾ ਨਾਮਧਾਰੀ ਸਮਾਜ ਹੀ ਨਹੀਂ, ਸਗੋਂ ਸਾਰਾ ਸੰਸਾਰ ਹੀ ਅਧੂਰਾ ਜਾਪ ਰਿਹਾ ਹੈ। ਉਹਨਾਂ ਦੇ ਅਕਾਲ ਚਲਾਣੇ ਨਾਲ ਕੀਰਤਨ ਪਰੰਪਰਾ ਦਾ ਇਕ ਯੁਗ ਖਤਮ ਹੋ ਗਿਆ ਹੈ। ਉਹਨਾਂ ਦੇ ਗੀਤ-ਮਈ ਕੀਰਤਨ ਦਾ ਕੋਈ ਬਦਲ ਨਹੀਂ।

ਜੋਗਿੰਦਰ ਸਿੰਘ ਕੰਗ (ਲੁਧਿਆਣਾ) ਨੇ ਸੰਤ ਖ਼ਜ਼ਾਨ ਸਿੰਘ ਰਾਗੀ ਨੂੰ ਸ਼ਰਧਾਂ ਦੇ ਫੁੱਲ ਭੇਂਟ ਕਰਦਿਆਂ ਕਿਹਾ ਕਿ ਸੰਤ ਖ਼ਜ਼ਾਨ ਸਿੰਘ ਰਾਗੀ ਨਾਮਧਾਰੀ ਦਰਬਾਰ ਦੇ ਪ੍ਰਮੁੱਖ ਰਾਗੀ ਸਨ ਜਿਹਨਾ ਨੇ ਉਮਰ ਦੇ ੭੫ ਸਾਲ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਅਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿੱਚ ਕੀਰਤਨਤ ਕਰਦਿਆਂ ਗੁਜ਼ਾਰੇ। ਉਹਨਾਂ ਨੇ ੮੩ ਸਾਲ ਦੀ ਆਯੂ ਵਿਚ ਅਕਾਲ ਚਲਾਣਾ ਕੀਤਾ। ਉਹਨਾਂ ਨੇ ੮ ਸਾਲ ਦੀ ਉਮਰ ਵਿੱਚ ਹੀ ਸਤਿਗੁਰਾਂ ਦੀ ਗੋਦ ਦਾ ਨਿੱਘ ਮਾਣਿਆ ਅਤੇ ਕੀਰਤਨ ਸਿੱਖਣਾ ਅਤੇ ਕੀਰਤਨ ਕਰਨਾ ਆਰੰਭ ਕੀਤਾ। ਆਪਣੇ ਵੱਡੇ ਭਰਾ ਸੰਤ ਦਰਸ਼ਨ ਸਿੰਘ ਰਾਗੀ ਅਤੇ ਉਹਨਾਂ ਤੋਂ ਬਾਅਦ ਆਪਣੇ ਭਤੀਜੇ ਸੰਤ ਹਰਬੰਸ ਸਿੰਘ ਘੁੱਲਾ ਨਾਲ ਦੁਨੀਆਂ ਦੇ ੭ ਮਹਾਂਦੀਪਾਂ ਵਿਚੋਂ ੬ ਮਹਾਂਦੀਪਾਂ ਵਿੱਚ ਸਤਿਗੁਰਾਂ ਦੀ ਪਾਵਨ ਹਜ਼ੂਰੀ ਵਿੱਚ ਉਹਨਾਂ ਨੂੰ ਕੀਰਤਨ ਕਰਨ ਦਾ ਸੁਭਾਗ ਪ੍ਰਾਪਤ ਹੋਇਆ। ਉਹ ਇਕੋ ਸਮੇਂ ਗਾਇਣ ਅਤੇ ਤਬਲਾ-ਵਾਦਨ ਜ਼ੋਰਦਾਰ ਢੰਗ ਨਾਲ ਕਰਦੇ ਸਨ। ਤਬਲਾ-ਪਖਾਵਜ ਦੇ ਉਹ ਸਿਧ ਹਸਤ ਮਾਹਰ ਸਨ। ਪੁਰਾਤਨ ਧਰੁਪਦ ਧਮਾਰ ਸ਼ੈਲੀ, ਰਬਾਬੀ ਪਰੰਪਰਾ ਦਾ ਕੀਰਤਨ ਅਤੇ ਆਧੁਨਿਕ ਸ਼ਾਸਤਰੀ ਪੱਧਤੀ ਅਤੇ ਗੁਰਮਤਿ ਸੰਗੀਤ ਵਿੱਚ ਉਹ ਇਕੋ ਜਿਹੇ ਪਾਰੰਗਤ ਸਨ। ਤਬਲਾ ਵਾਦਨ ਵਿਚ ਉਹ ਇਕੋ ਲੈਅ ਵਿੱਚ ਵੱਖ ਵੱਖ ਤਾਲ ਬਦਲ ਕੇ ਅਨੂਠਾ ਰੰਗ ਸਿਰਜਦੇ ਸਨ। ਤਬਲਾ-ਵਾਦਨ ਸਮੇਂ ਜਦੋਂ ਉਹ ਘੁੰਗਰੀਆਂ ਵਜਾਉਂਦੇ ਸਨ ਤਾਂ ਮਸਤਾਨੇ ਨਿਰਤਕਾਰੀ ਕਰਨ ਲੱਗ ਪੈਂਦੇ ਸਨ। ਉਹਨਾਂ ਦਾ ਸਮੁੱਚਾ ਜੀਵਨ ਕੀਰਤਨ ਨੂੰ ਸਮਰਪਿਤ ਸੀ। ਅਜਿਹਾ ਜੀਵਨ ਧੰਨਤਾ ਦੇ ਯੋਗ ਹੈ। ਸੰਤ ਖ਼ਜ਼ਾਨ ਸਿੰਘ ਰਾਗੀ ਸੰਗੀਤ ਦੇ ਅਕਾਸ਼-ਮੰਡਲਾਂ ਤੇ ਹਮੇਸ਼ਾ ਟਿਮਟਿਮਾਉਂਦੇ ਰਹਿਣਗੇ ਅਤੇ ਗੁਰਮਤਿ ਸੰਗੀਤ ਦੇ ਸਿਖਿਆਰਥੀਆਂ ਲਈ ਪ੍ਰੇਰਨਾਂ-ਸਰੋਤ ਬਣੇ ਰਹਿਣਗੇ।

ਸ੍ਰੀ ਰਮੇਸ਼ ਸਿਗੰਲਾ ਸਾਬਕਾ ਮੰਤਰੀ ਪੰਜਾਬ ਸਰਕਾਰ ਨੇ ਸੰਤ ਖ਼ਜ਼ਾਨ ਸਿੰਘ ਰਾਗੀ ਨੂੰ ਸ਼ਰਧਾਂ ਦੇ ਫੁੱਲ ਭੇਟ ਕਰਦਿਆਂ ਕਿਹਾ ਕਿ ਉਹਨਾਂ ਦਾ ਅਦੁੱਤੀ ਜੀਵਨ ਗੁਰਮਤਿ ਸੰਗੀਤ ਦੇ ਵਿਦਿਆਰਥੀਆਂ ਲਈ ਇਕ ਆਦਰਸ਼ ਅਤੇ ਪ੍ਰੇਰਨਾ-ਸੋਰਤ ਹੈ। ਉਹਨਾਂ ਨੇ ਇਕੱਤਰਿਤ ਹੋਈਆਂ ਸੰਗਤਾਂ ਦਾ ਸੰਮੂਹ ਪਰਿਵਾਰ ਵਲੋਂ ਧੰਨਵਾਦ ਵੀ ਕੀਤਾ। ਉਸ ਮੌਕੇ ਅਨੇਕਾਂ ਹੀ ਵਿਦਵਾਨ, ਰਾਗੀ, ਸਾਹਿਤਕਾਰ, ਸੰਗੀਤਕਾਰ, ਸਿਆਸਤਦਾਨ ਅਤੇ ਪਤਵੰਤੇ ਸੱਜਣ ਉਪਸਥਿਤ ਸਨ। ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤਿਆ।

*—ਜੋਗਿੰਦਰ ਸਿੰਘ ਕੰਗ*

## "ਨਾਮਧਾਰੀ ਸੰਗੀਤ ਕੇਂਦਰ ਜਲੰਧਰ" ਦੀਆਂ ਸਰਗਰਮੀਆਂ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਆਪਣੀ ਕ੍ਰਿਪਾ ਦੁਆਰਾ ਸੰਗੀਤ ਦੇ ਹਰ ਖੇਤਰ ਵਿੱਚ ਬਹੁਤ ਵੱਡਾ ਅਤੇ ਉਤਮ ਯੋਗਦਾਨ ਪਾ ਰਹੇ ਹਨ। ਹਰ ਨਿੱਕੇ ਤੋਂ ਲੈ ਕੇ ਵੱਡੇ ਵਰਗ ਦੇ ਲੋਕ ਸੰਗੀਤ ਦੀ ਸਿਖਿਆ ਦੇਸ਼ ਦੇ ਉਚ ਕੋਟੀ ਦੇ ਕਲਾਕਾਰਾਂ ਤੋਂ ਪ੍ਰਾਪਤ ਕਰ ਰਹੇ ਹਨ ਅਤੇ ਗੁਰੂ ਜਨਾਂ ਤੋ ਪ੍ਰਾਪਤ ਕੀਤੀ ਸਿਖਿਆ ਦਾ ਪ੍ਰਦਰਸ਼ਨ ਸਤਿਗੁਰੂ ਜੀ ਦੀ ਕ੍ਰਿਪਾ ਦੁਆਰਾ ਕਰ ਰਹੇ ਹਨ। ਬਹੁਤ ਸਾਰੇ ਸ਼ਹਿਰਾਂ ਵਿੱਚ ਸੰਗੀਤ ਕੇਂਦਰ ਸਥਾਪਿਤ ਕੀਤੇ ਗਏ ਹਨ ਤਾਂ ਕਿ ਹਰ ਸੰਗੀਤ ਪ੍ਰੇਮੀ ਨੂੰ ਸੰਗੀਤ ਦੀ ਵਿਦਿਆ ਪ੍ਰਾਪਤ ਹੋਵੇ। ਜਲੰਧਰ ਸ਼ਹਿਰ ਵੀ ਇੱਕ ਅਜਿਹਾ ਹੀ ਸ਼ਹਿਰ ਹੈ ਜਿਸ ਨੂੰ ਇਹ ਮਾਣ ਪ੍ਰਾਪਤ ਹਾਸਲ ਹੈ। ਇਥੇ ਸੰਗੀਤ ਦੀ ਹਰ ਕਲਾ ਵਿੱਚ ਨਿਪੁੰਨ



Sri Satguru Jagjit Singh Ji eLibrary NamdhariElibrary@gmail.com

ਬਹੁਤ ਗੁਣੀਜਨ ਹਨ ਜੋ ਕਿ ਬਹੁਤ ਪ੍ਰੇਮ-ਭਾਵ, ਲਗਨ ਦੁਆਰਾ ਸੰਗੀਤ ਦੀ ਵਿਦਿਆ ਬੱਚਿਆਂ ਨੂੰ ਦੇ ਰਹੇ ਹਨ। ਜਿਵੇਂ ਕਿ ਤਬਲਾਵਾਦਕ ਪੰਡਿਤ ਰਮਾ ਕਾਂਤ ਜੀ, ਸ਼ਾਸ਼ਤਰੀ ਸੰਗੀਤ ਗਾਇਣ ਦੇ ਬਹੁਤ ਚੰਗੇ ਕਲਾਕਾਰ ਪ੍ਰੋ: ਕ੍ਰਿਪਾਲ ਸਿੰਘ ਜੀ, ਪ੍ਰੋ: ਵਰਿੰਦਰ ਜੀ ਸਿਤਾਰ ਵਾਦਕ ਅਤੇ ਸੰਤ ਬਲਬੀਰ ਸਿੰਘ ਜੀ।

ਪਰ ਸ਼ਹਿਰ ਵਿੱਚ ਸੰਗੀਤ ਪ੍ਰਤੀ ਇੱਕ ਚੰਗਾ ਮਾਹੌਲ ਪੈਦਾ ਕਰਨਾ, ਪ੍ਰਚਾਰ ਕਰਨਾ, ਉਤਸ਼ਾਹਿਤ ਕਰਨਾ ਇੱਕ ਸੂਝਵਾਨ ਵਿਦਵਾਨ ਵਿਅਕਤੀ ਦੇ ਹੱਥ ਵਿੱਚ ਹੁੰਦਾ ਹੈ। ਜਲੰਧਰ ਸ਼ਹਿਰ ਦੀ ਪ੍ਰਮੁੱਖ ਸ਼ਖਸ਼ੀਅਤ ਸ. ਜਗਦੀਸ਼ ਸਿੰਘ ਜੀ ਸੰਪਾਦਕ 'ਵਰਿਆਮ' (ਜਨਰਲ ਸਕੱਤਰ ਨਾਮਧਾਰੀ ਦਰਬਾਰ ਸ੍ਰੀ ਭੈਣੀ ਸਾਹਿਬ) ਦੇ ਨਿਰਦੇਸ਼ਨ ਹੇਠ ਨਾਮਧਾਰੀ ਧਰਮਸਾਲਾ ਸੈਂਟਰਲ ਟਾਊਨ ਜਲੰਧਰ ਵਿੱਖੇ, ਹਫਤੇ ਵਿੱਚ ਤਿੰਨ ਦਿਨ ਉਪਰੋਕਤ ਗੁਰੂਜਨ ਬੱਚਿਆਂ ਨੂੰ ਸੰਗੀਤ ਦੀ ਵਿਦਿਆ ਦੇ ਰਹੇ ਹਨ। ਸਾਲ ਵਿੱਚ ਤਕਰੀਬਨ ਚਾਰ ਸ਼ਾਸਤਰੀ ਸੰਗੀਤ ਦੇ ਪ੍ਰੋਗਰਾਮ, ਖਾਸ ਤੌਰ ਤੇ ਜਿਵੇਂ ਕਿ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਪ੍ਰਕਾਸ਼ ਉਤਸਵ, ਬਸੰਤ ਦਾ ਦਿਹਾੜਾ ਤੇ ਹੋਰ ਖਾਸ ਦਿਨਾਂ ਤੇ ਕਰਵਾਏ ਜਾਂਦੇ ਹਨ। ਜੋ ਬੱਚੇ ਗੁਰੂਜਨਾਂ ਤੋਂ ਸੰਗੀਤ ਦੀ ਵਿਦਿਆ ਲੈ ਰਹੇ ਹੁੰਦੇ ਹਨ ਉਹਨਾਂ ਨੂੰ ਮੌਕਾ ਦਿੱਤਾ ਜਾਂਦਾ ਹੈ ਤਾਂ ਜੋ ਉਹਨਾਂ ਬੱਚਿਆਂ ਦਾ ਧਿਆਨ ਸੰਗੀਤ ਵੱਲ ਉਤਸ਼ਾਹਿਤ ਹੋਵੇ। ਇਨ੍ਹਾਂ ਵਿਸ਼ੇਸ਼ ਮੌਕਿਆਂ ਤੇ ਪੰਡਿਤ ਰਮਾਂ ਕਾਂਤ ਜੀ, ਪ੍ਰੋ: ਕ੍ਰਿਪਾਲ ਸਿੰਘ ਜੀ, ਸੰਤ ਬਲਬੀਰ ਸਿੰਘ ਜੀ, ਪ੍ਰੋ: ਵਰਿੰਦਰ ਕੁਮਾਰ ਜੀ, ਪ੍ਰੋ: ਬੀ. ਐਸ ਨਾਰੰਗ, ਉਸਤਾਦ ਮੰਨੂ ਸੀਨ ਜੀ, ਰਾਜੇਸ਼ ਮਾਲਵੀਆ, ਹਰਪ੍ਰੀਤ ਸਿੰਘ ਸੋਨੂੰ ਰਾਗੀ, ਬਲਵੰਤ ਸਿੰਘ ਅਤੇ ਹੋਰ ਕਲਾਕਾਰ ਆਪਣੀ ਕਲਾਂ ਦਾ ਪ੍ਰਦਰਸ਼ਨ ਬਹੁਤ ਸੁੰਦਰ ਅੰਦਾਜ਼ ਵਿੱਚ ਕਰਦੇ ਹੋਏ ਸਤਿਗੁਰੂ ਜੀ ਦੇ ਚਰਨਾਂ ਵਿੱਚ ਹਾਜ਼ਰੀ ਲਗਾਉਂਦੇ ਹੋਏ ਖੁਸ਼ੀਆਂ ਪ੍ਰਾਪਤ ਕਰਦੇ ਰਹੇ ਹਨ। ਹਰ ਐਤਵਾਰ ਨੂੰ ਨਾਮਧਾਰੀ ਧਰਮਸਾਲਾ ਸੈਂਟਰਲ ਟਾਊਨ ਜਲੰਧਰ ਵਿੱਖੇ ਆਸਾ ਦੀ ਵਾਰ ਦੇ ਕੀਰਤਨ ਸਮੇਂ ਜੋ ਬੱਚੇ ਆਉਂਦੇ ਹਨ ਉਹ ਸੰਗੀਤ ਵਿਦਿਆ ਨੂੰ ਕੀਰਤਨ ਵਾਸਤੇ ਪ੍ਰਯੋਗ ਕਰਨ ਦਾ ਅਭਿਆਸ ਕਰਦੇ ਹਨ। ਜੱਥੇਦਾਰ ਹਜ਼ਾਰਾ ਸਿੰਘ ਜੀ ਉਨ੍ਹਾਂ ਨੂੰ ਅਤੇ ਸਾਧ ਸੰਗਤ ਨੂੰ ਕਥਾ ਵਿਖਿਆਨ ਸੁਣਾ ਕੇ ਮਨ ਗੁਰੂ ਚਰਨਾਂ ਵੱਲ ਜੋੜਦੇ ਹਨ।

ਹਰ ਇੱਕ ਵਧੀਆ ਕਾਰਗੁਜਾਰੀ ਨੂੰ ਅੱਗੇ ਤੋਰਨ ਲਈ ਸਹਿਯੋਗ ਦੀ ਲੋੜ ਹੁੰਦੀ ਹੈ। ਇਸ ਕਾਰਗੁਜਾਰੀ ਵਿੱਚ ਸ: ਗੁਰਦਿਆਲ ਸਿੰਘ ਸਿਤਾਰਾਂ ਵਾਲੇ, ਸ: ਅਮਰਜੀਤ ਸਿੰਘ, ਡਾ: ਅਜਮੇਰ ਸਿੰਘ, ਮਨਰਾਜ ਸਿੰਘ, ਬਲਵਿੰਦਰ ਸਿੰਘ, ਮੋਹਨ ਸਿੰਘ (ਮੋਹਣੀ), ਸੁਰਿੰਦਰ ਸਿੰਘ (ਛਿੰਦਾ), ਮਨਧੀਰ ਸਿੰਘ, ਸਰਬਜੀਤ ਸਿੰਘ, ਗੁਰਮੀਤ ਸਿੰਘ, ਅਮਰੀਕ ਸਿੰਘ ਅਤੇ ਹੋਰ ਸਹਿਯੋਗੀ ਸੱਜਣ ਵਰਿਆਮ ਜੀ ਦੀ ਸਲਾਹ ਨਾਲ ਸਾਥ ਦੇ ਰਹੇ ਹਨ, ਤਾਂ ਜੋ ਬੱਚਿਆਂ ਨੂੰ ਸੰਗੀਤ ਦੀ ਵਿਦਿਆ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਅਪਾਰ ਬਖਸ਼ਿਸ਼ ਦੁਆਰਾ ਮਿਲਦੀ ਰਹੇ। ਅਸੀਂ ਸਾਰੇ ਇਹੀ ਅਰਦਾਸ ਕਰਦੇ ਹਾਂ ਕਿ ਸਤਿਗੁਰੂ ਜੀ ਸ. ਜਗਦੀਸ਼ ਸਿੰਘ ਵਰਿਆਮ ਦੀ ਸਿਹਤ ਦੀ ਤੰਦਰੁਸਤੀ ਬਖਸ਼ਣ ਕਿਉਂਕਿ ਵਰਿਆਮ ਜੀ ਆਪਣੇ ਜ਼ਿੰਦਗੀ ਦੇ ਕੀਮਤੀ ਰੁਝੇਵਿਆਂ ਵਿੱਚੋਂ ਸਮਾਂ ਕੱਢ ਕੇ ਸਤਿਗੁਰੂ ਜੀ ਦੀ ਰਹਿਨੁਮਾਈ ਹੇਠ ਉਪਰੋਕਤ ਕਾਰਗੁਜ਼ਾਰੀ ਕਰ ਰਹੇ ਹਨ।

*ਸੁਰਿੰਦਰ ਸਿੰਘ ਛਿੰਦਾ*

*ਸਾਬਕਾ ਪ੍ਰਧਾਨ ਨਾਮਧਾਰੀ ਵਿਦਿਅਕ ਜੱਥਾ*

*ਜਲੰਧਰ ਸ਼ਹਿਰ।*

## ਪਾਸ਼ ਯਾਦਗਾਰੀ ਸਾਹਿਤਕ ਸਮਾਗਮ ੧੫ ਸਤੰਬਰ ਨੂੰ

'ਪਾਸ਼ ਮੈਮੋਰਿਅਲ ਇੰਟਰਨੈਸ਼ਨਲ ਟਰਸਟ' ਵਲੋਂ ਪਾਸ਼ ਦੇ ਜਨਮ ਦਿਨ ਦੇ ਮੌਕੇ ਦਾ ਸਾਹਿਤਕ ਸਮਾਗਮ ਇਸ ਸਾਲ ੧੫ ਸਤੰਬਰ ੨੦੦੨ ਨੂੰ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਕੀਤਾ ਜਾ ਰਿਹਾ ਹੈ। ਇਸ ਸਾਲ ਦੇ ਪ੍ਰੋਗਰਾਮ ਵਿੱਚ 'ਪੰਜਾਬ ਤੋਂ ਬਾਹਰ ਪਾਸ਼ ਦੀ ਕਵਿਤਾ ਦੇ ਪ੍ਰਭਾਵ' ਵਿਸ਼ੇ ਤੇ ਰਾਸ਼ਟਰੀ ਗੋਸ਼ਠੀ ਕਰਵਾਈ ਜਾ ਰਹੀ ਹੈ, ਕਿਉਂਕਿ ਸਾਲ ੨੦੦੧ ਲਈ ਸਾਹਿਤਕ ਅਕਾਦਮੀ ਵਲੋਂ ਪਾਸ਼ ਦੀ ਕਵਿਤਾ ਦੇ ਹਿੰਦੀ ਅਨੁਵਾਦ 'ਸਮਯ ਓ ਭਾਈ ਸਮਯਾ ਨੂੰ ਰਾਸ਼ਟਰੀ ਅਨੁਵਾਦ ਪੁਰਸਕਾਰ ਲਈ ਚੁਣਿਆ ਗਿਆ ਹੈ ਅਤੇ ਅਨੁਵਾਦਕ ਡਾ. ਚਮਨ ਲਾਲ ਨੂੰ ਇਹ ਪੁਰਸਕਾਰ ਪ੍ਰਦਾਨ ਕੀਤਾ ਗਿਆ ਹੈ।

'ਪਾਸ਼ ਦੀ ਕਵਿਤਾ ਦੇ ਪੰਜਾਬ ਤੋਂ ਬਾਹਰ ਪ੍ਰਭਾਵ' ਬਾਰੇ ਦੇਸ਼ ਦੇ ਚੋਟੀ ਦੇ ਕਵੀ ਅਤੇ ਲੇਖਕ ਹਿੱਸਾ ਲੈਣਗੇ, ਜਿੰਨ੍ਹਾਂ ਵਿੱਚ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਨਵੀਂ ਦਿੱਲੀ ਦੇ



Sri Satguru Jagjit Singh Ji eLibrary NamdhariElibrary@gmail.com

ਭਾਰਤੀ ਭਾਸ਼ਾਵਾਂ ਵਿਭਾਗ ਦੇ ਚੇਅਰਮੈਨ ਅਤੇ ਪ੍ਰਸਿੱਧ ਹਿੰਦੀ ਆਲੋਚਕ ਡਾ. ਮੈਨੇਜਰ ਪਾਂਡੇ, ਹਿੰਦੀ ਦੇ ਪ੍ਰਸਿੱਧ ਕਵੀ ਮੰਗਲੇਸ਼ ਡਬਰਾਲ, ਬੀਰੇਨ ਡੰਗਵਾਲ, ਆਲੋਕ-ਪਨਵਾਂ (ਜੋ ਪਾਸ਼ ਨਾਲ ਨਕੋਦਰ ਵਿੱਚ ੧੯੭੦ ਵਿਚ ਗਿਰਫਤਾਰ ਕੀਤੇ ਗਏ ਹਨ), ਮਨਮੋਹਨ ਕਾਤਿਆਨੀ ਆਦਿ ਸ਼ਾਮਲ ਹਨ। ਤੇਲਗੂ ਕਵੀ ਸ੍ਰੀ ਨਿਖਿਲੇਸ਼ਵਰ ਜਿਨ੍ਹਾਂ ਸੱਤਰਵਿਆਂ ਵਿੱਚ ਪਾਸ਼ ਨਾਲ ਪੰਜਾਬ ਦੀ ਯਾਤਰਾ ਕੀਤੀ ਸੀ, ਨੂੰ ਵੀ ਪ੍ਰੋਗਰਾਮ ਵਿੱਚ ਸ਼ਾਮਲ ਹੋਣ ਦਾ ਸੱਦਾ ਦਿੱਤਾ ਗਿਆ ਹੈ। ਗਿਆਨਪੀਠ ਪੁਰਸਕਾਰ ਵਿਜੇਤਾ ਗੁਰਦਿਆਲ ਸਿੰਘ ਪ੍ਰੋਗਰਾਮ ਦੀ ਪ੍ਰਧਾਨਗੀ ਕਰਨਗੇ।

ਇਸ ਮੌਕੇ ਤੇ ਇਸ ਵਰ੍ਹੇ ਦਾ ਪਾਸ਼ ਯਾਦਗਾਰੀ ਇਨਾਮ ਕਹਾਣੀਕਾਰ ਅਤਰਜੀਤ ਨੂੰ ਪ੍ਰਦਾਨ ਕੀਤਾ ਜਾਵੇਗਾ। ਇਸ ਮੌਕੇ ਪਾਸ਼, ਗੁਰਦਿਆਲ ਸਿੰਘ, ਵਰਿਆਮ ਸਿੰਘ ਸੰਧੂ ਸਵਰਾਜਵੀਰ ਦੀਆਂ ਹਿੰਦੀ ਵਿੱਚ ਅਨੁਵਾਦਤ ਕਿਤਾਬਾਂ ਵੀ ਰਿਲੀਜ਼ ਕੀਤੀਆਂ ਜਾਣਗੀਆਂ।

ਪਾਸ਼ ਦੀ ਕਵਿਤਾ ਉਪਰ ਗੋਸ਼ਟੀ ਉਪਰੰਤ ਸਭਿਆਚਾਰਕ ਪ੍ਰੋਗਰਾਮ ਵਿੱਚ ਕਰਨਾਲ ਤੋਂ ਸਿਆਮ ਸਹੋਤਾ ਪਾਸ਼ ਦੀਆਂ ਕਵਿਤਾਵਾਂ ਦੀ ਹਿੰਦੀ ਵਿੱਚ ਸੰਗੀਤਮਈ ਪ੍ਰਸਤੁਤੀ ਕਰਨਗੇ ਅਤੇ ਇਸ ਉਪਰੰਤ ਕਵੀ ਦਰਬਰ ਵਿੱਚ ਹਿੰਦੀ ਅਤੇ ਪੰਜਾਬੀ ਦੇ ਪ੍ਰਸਿੱਧ ਕਵੀ ਹਿੱਸਾ ਲੈਣਗੇ।

## ਪੰਜਾਬੀ ਕਥਾ ਮੰਚ ਪੰਜਾਬ ਵਲੋਂ "ਇੱਛਰਾਂ ਤੋਂ ਲੂਣਾ ਤੱਕ" ਦਾ ਪਾਠ

ਪਿਛਲੇ ਦਿਨੀਂ ਪੰਜਾਬੀ ਕਥਾ ਮੰਚ, ਪੰਜਾਬ ਵੱਲੋਂ ਪੰਜਾਬੀ ਭਵਨ ਲੁਧਿਆਣਾ ਵਿਖੇ ਸ੍ਰੀ ਬਸੰਤ ਕੁਮਾਰ ਰਤਨ ਤੇ ਅਪ੍ਰਕਾਸ਼ਿਤ ਨਾਵਲ 'ਇੱਛਰਾਂ ਤੋਂ ਲੂਣਾ ਤੱਕ' ਦਾ ਪਾਠ ਕੀਤਾ ਗਿਆ ਜਿਸਦੀ ਪ੍ਰਧਾਨਗੀ ਉੱਘੇ ਨਾਵਲਕਾਰ ਅਤੇ ਸਾਹਿਤ ਅਕਾਦਮੀ ਅਵਾਰਡ ਵਿਜੈਤਾ ਪ੍ਰੋ. ਨਿਰੰਜਨ ਤਸਨੀਮ ਨੇ ਕੀਤੀ। ਨਾਵਲ ਪਾਠ ਦੇ ਮੁੱਖ ਮਹਿਮਾਨ ਗਲਪਕਾਰ ਕਰਮਜੀਤ ਸਿੰਘ ਔਜਲਾ ਸਨ। ਮੁੱਢ ਵਿੱਚ ਮੰਚ ਦੇ ਕਨਵੀਕਰ ਡਾ. ਜੋਗਿੰਦਰ ਸਿੰਘ ਨਿਰਾਲਾ ਨੇ ਦੱਸਿਆ ਕਿ ਪੰਜਾਬੀ ਕਥਾ ਮੰਚ, ਪੰਜਾਬ ਇਕ ਗੈਰ ਰਸਮੀ ਸੰਸਥਾ ਹੈ ਜਿਸਦਾ ਕੋਈ ਲਿਖਤੀ ਸੰਵਿਧਾਨ ਨਹੀਂ ਅਤੇ ਨਾ ਹੀ ਕੋਈ ਅਹੁਦੇਦਾਰ ਹਨ। ਪੰਜਾਬੀ ਗਲਪ ਨੂੰ ਸਮਰਪਿਤ ਇਹ ਮੰਚ ਗਾਹੇ ਬਗਾਹੇ ਨਿਵੇਕਲੇ ਸਮਾਗਮ ਉਲੀਕਦਾ ਰਹਿੰਦਾ ਹੈ। ਨਾਵਲਕਾਰ ਬਸੰਤ ਕੁਮਾਰ ਰਤਨ ਦੀ ਜਾਣ-ਪਛਾਣ ਕਰਵਾਉਂਦਿਆਂ ਉਹਨਾਂ ਕਿਹਾ ਕਿ ਉਹ ਲਗਭਗ ਚਾਰ ਦਹਾਕਿਆ ਤੋਂ ਪੰਜਾਬੀ ਨਾਵਲ ਨਿਗਾਰੀ ਨਾਲ ਜੁੜਿਆ ਹੋਇਆ ਹੈ, ਉਸਦਾ ਪਹਿਲਾ ਨਾਵਲ 'ਬਿਸ਼ਨੀ' ੧੯੭੪ ਵਿਚ ਪ੍ਰਕਾਸ਼ਿਤ ਹੋਇਆ ਸੀ। ਉਸ ਤੇ ਪਿਛੇ ਛਪੇ ਉਸਦੇ ਨਾਵਲਾਂ ਵਿਚੋਂ ਸੱਤ ਵਿੱਥਾ ਖੂਹ, ਰਾਤ ਦਾ ਕਿਨਾਰਾ, ਸੂਫ ਦਾ ਘੱਗਰਾ, ਨਿੱਕੀ ਝੱਨਾ ਆਦਿ ਵਿਸ਼ੇਸ਼ ਤੌਰ 'ਤੇ ਚਰਚਿਤ ਰਹੇ ਹਨ। ਹਥਲਾ ਨਾਵਲ ਪੂਰਨ ਭਗਤ ਦੇ ਪਹਿਲੇ ਬਾਰਾਂ ਵਰ੍ਹਿਆਂ ਬਾਰੇ ਅਤੇ ਉਸ ਦੇ ਜਨਮ ਤੋਂ ਪਹਿਲਾਂ ਅਤੇ ਪਿਛਲੇ ਸਮੇਂ ਦਾ ਗਲਪੀ-ਬਿਰਤਾਂਤ ਪੇਸ਼ ਕਰਦਾ ਹੈ। ਲਗਭਗ ਸਾਢੇ ਪੰਜ ਘੰਟਿਆਂ ਵਿਚ ਇਸ ਵਡਆਕਾਰੀ ਨਾਵਲ ਦਾ ਪਾਠ ਲੇਖਕ ਨੇ ਖੁਦ ਕੀਤਾ, ਜਿਸ ਨੂੰ ਸਾਰਿਆਂ ਨੇ ਬਹੁਤ ਰੌਚਿਕਤਾ ਨਾਲ ਸੁਣਿਆ। ਨਾਵਲ ਬਾਰੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਅਮਰਜੀਤ ਸਿੰਘ ਹੰਸਰਾ ਨੇ ਕਿਹਾ ਕਿ ਰਤਨਾ ਹੁਰਾਂ ਬਹੁਤ ਹੀ ਨਿਵੇਕਲੇ ਵਿਸ਼ੇ ਬਾਰੇ ਲਿਖਕੇ ਆਪਣੀ ਵਿਦਵਤਾ ਅਤੇ ਕਲਾ-ਕੌਸ਼ਲ ਦਾ ਸਬੂਤ ਦਿੱਤਾ ਹੈ। ਡਾ. ਕੁਲਵਿੰਦਰ ਕੌਰ ਮਿਨਹਾਸ ਨੇ ਸ਼ੈਲੀ ਦਾ ਪ੍ਰਸੰਸਾ ਕੀਤੀ ਲੇਕਿਨ ਪ੍ਰਮਾਣਿਤ ਪੁਸਤਕਾਂ ਬਾਰੇ ਵੇਰਵਾ ਦੇਣ ਦੀ ਮੰਗ ਵੀ ਕੀਤੀ। ਕਰਮਜੀਤ ਸਿੰਘ ਔਜਲਾ ਨੇ ਬਸੰਤ ਕੁਮਾਰ ਰਤਨ ਨੂੰ ਜੇਤੂ-ਮੰਚ ਉੱਪਰ ਪੁੱਜਣ ਲਈ ਵਧਾਈ ਦਿੱਤੀ ਅਤੇ ਕਿਹਾ ਕਿ ਇਹ ਨਾਵਲ ਅਨੂਠਾ ਗਲਪ ਹੈ ਅਤੇ ਜਦੋਂ ਛਪ ਕੇ ਪਾਠਕਾਂ ਤੱਕ ਪੁੱਜੇਗਾ ਤਾਂ ਇਸਦੀ ਵਿਸ਼ੇਸ਼ ਚਰਚਾ ਹੋਵੇਗੀ। ਡਾ. ਅਜੀਤ ਸਿੰਘ ਸਿੱਕਾ ਨੇ ਕਿਹਾ ਕਿ ਸ਼ਾਸਤਰਾਂ ਬਾਰੇ ਖੁਲ੍ਹ ਕੇ ਨਹੀਂ ਦੱਸਿਆ ਗਿਆ ਕਿ ਕਿਹੜੇ ਸ਼ਾਸਤਰ ਹਨ। ਉਹਨਾਂ ਨੇ ਸਮੇਂ, ਸਥਾਨ ਬਾਰੇ ਵੀ ਕਿੰਤੂ ਪ੍ਰਗਟ ਕੀਤੇ। ਪ੍ਰੋ. ਕੁਲਵੰਤ ਜਗਰਾਓਂ ਨੇ ਆਪਣੇ ਵਿਚਾਰ ਪ੍ਰਗਟਾਉਂਦਿਆਂ ਕਿਹਾ ਕਿ ਰਤਨ ਨੇ ਬਹੁਤ ਹੀ ਖੋਜ ਭਰਪੂਰ ਨਾਵਲ ਦੀ ਰਚਨਾ ਕੀਤੀ ਹੈ ਮੈਂ ਉਸਦੇ ਸਿਰੜ ਅੱਗੇ ਸਿਰ ਝੁਕਾਉਂਦਾ ਹਾਂ। ਨਾਵਲ ਅਤੀਤ ਦੇ ਧਰਾਤਲ 'ਤੇ ਖੜ੍ਹਾ ਹੈ। ਅੱਜ ਦੀ ਸਥਿਤੀ ਵਿਚ ਇਸ ਦੀ ਪ੍ਰਸੰਗਤਾ ਬਾਰੇ ਸੋਚਣਾ ਬਣਦਾ ਹੈ। ਨਾਵਲ ਦੀ ਤੋਰ, ਪਾਤਰ ਬਹੁਤ ਹਨ। ਬਹੁਤੇ ਪਾਤਰਾਂ ਨਾਲੋਂ ਮੇਨ ਪਾਤਰਾਂ ਨੂੰ ਹੋਰ ਉਭਾਰਨਾ ਚਾਹੀਦਾ ਹੈ। ਜੇ ਕ੍ਰਿਸ਼ਨ ਕੌਸ਼ਲ ਅਨੁਸਾਰ ਨਾਵਲ 'ਹੈਵੀ' ਹੋ ਗਿਆ ਜਾਪਦਾ ਹੈ। ਪ੍ਰੋ. ਨਿਰੰਜਨ ਤਸਨੀਮ ਨੇ ਅਜਿਹੀ ਅਨੂਪਮ ਰਚਨਾ ਕਰਨਾ ਲਈ ਬਸੰਤ ਕੁਮਾਰ ਰਤਨ ਨੂੰ ਵਧਾਈ ਦਿੰਦਿਆਂ



Sri Satguru Jagjit Singh Ji eLibrary NamdhariElibrary@gmail.com

ਕਿਹਾ ਕਿ ਲੇਖਕ ਦਾ ਪੰਜਾਬ ਦੇ ਜਨ ਜੀਵਨਕ ਯਥਾਰਥ ਬਾਰੇ ਗਹਿਰਾ ਅਧਿਐਨ ਹੈ। ਮਿੱਥਾਂ ਨੂੰ ਅਜੋਕੇ ਸਮੇਂ ਦੀ ਕਸਵੱਟੀ ਉਪਰ ਪਰਖੋ। ਇਹ ਮਹਿਜ਼ ਨਾਵਲ ਨਹੀਂ, ਨਾਵਲ ਨਾਲੋਂ ਵੱਡੀ ਚੀਜ਼ ਹੈ। ਇਹ ਕਾਲਪਨਿਕ-ਪੁਨਰ ਸਿਰਜਣਾ ਹੈ। ਕੁਝ ਥਾਵਾਂ ਉੱਪਰ ਵਿਸਥਾਰ ਹੈ, ਲੇਖਕ ਨੂੰ ਵਿਅੰਗ ਭਾਵੀ ਦ੍ਰਿਸ਼ਟੀ ਰੱਖਣ ਦੀ ਸਲਾਹ ਵੀ ਦਿੱਤੀ ਜਾ ਸਕਦੀ ਹੈ। ਨਾਵਲ-ਪਾਠ ਵਿਚ ਹੋਰਨਾਂ ਤੋਂ ਇਲਾਵਾ ਡਾ. ਤੇਜਾ ਸਿੰਘ ਤਿਲਕ, ਡਾ. ਗੁਰਦੇਵ ਸਿੰਘ ਪੰਦੋਹਲ, ਦਿਲਦਾਰ ਫਿਲੌਰ, ਹਰਭਜਨ ਸਿੰਘ ਤੀਰ, ਗੁਸ਼ਰਨ ਸਿੰਘ ਨਰੂਲਾ, ਸਤਵੰਤ, ਅਰੁਣ ਸ਼ਰਮਾ, ਸਮਿਧਾ ਰਤਨ, ਜਤਿੰਦਰ ਸਿੰਘ, ਸੁਭਾਸ਼ ਕਲਾਕਾਰ, ਪ੍ਰਿੰ. ਪ੍ਰੇਮ ਸਿੰਘ ਬਜਾਜ ਅਤੇ ਪ੍ਰੋ. ਰਵਿੰਦਰ ਭੱਠਲ ਨੇ ਵੀ ਭਾਗ ਲਿਆ।

*—ਡਾ. ਜੋਗਿੰਦਰ ਸਿੰਘ ਨਿਰਾਲਾ*

## ਡਾ. ਚਮਨ ਲਾਲ ਨੂੰ ਪੁਰਸਕਾਰ

ਪਟਿਆਲਾ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਹਿੰਦੀ ਵਿਭਾਗ ਦੇ ਮੁਖੀ ਅਤੇ ਜਾਣੇ ਪਛਾਣੇ ਹਿੰਦੀ ਅਤੇ ਪੰਜਾਬੀ ਲੇਖਕ ਡਾ. ਚਮਨ ਲਾਲ ਨੂੰ ੧੯ ਅਗਸਤ ਨੂੰ ਇੰਡੀਅਨ ਇੰਟਰਨੈਸ਼ਨਲ ਨਵੀਂ ਦਿੱਲੀ ਵਿਖੇ ਬਹੁਤ ਪ੍ਰਤਿਸ਼ਠਤ ਸਾਹਿੱਤਕ ਪੁਰਸਕਾਰ ਪ੍ਰਦਾਨ ਕੀਤਾ ਗਿਆ। ਡਾ. ਚਮਨ ਲਾਲ ਵੱਲੋਂ ਪੰਜਾਬੀ ਕਵੀ ਪਾਸ਼ ਦੀਆਂ ਕਵਿਤਾਵਾਂ ਦੇ ਹਿੰਦੀ ਵਿੱਚ ਸੰਪਾਦਿਤ ਅਤੇ ਅਨੁਵਾਦਿਤ ਪੁਸਤਕ 'ਸਮਯ ਓ ਭਾਈ ਸਮਯਾ' ਨੂੰ ਇਸ ਸਾਲ ਦੇ ਰਾਸ਼ਟਰੀ ਅਨੁਵਾਦ ਪੁਰਸਕਾਰ ਲਈ ਚੁਣਿਆ ਗਿਆ ਹੈ। ਇਸ ਪੁਰਸਕਾਰ ਵਿੱਚ ਇਕ 'ਪਲੇਕ' ਅਤੇ ਪੰਦਰਾਂ ਹਜ਼ਾਰ ਰੁਪਏ ਦੀ ਰਾਸ਼ੀ ਸ਼ਾਮਲ ਹੈ।

ਡਾ. ਚਮਨ ਲਾਲ ਨੂੰ ਸਾਲ ੨੦੦੧ ਲਈ ਹੀ ਭਾਰਤ ਸਰਕਾਰ ਦੇ ਕੇਂਦਰੀ ਹਿੰਦੀ ਡਾਇਰੈਕਟਰ ਨਵੀਂ ਦਿੱਲੀ ਵਲੋਂ ਵੀ ਰਾਸ਼ਟਰੀ ਪੁਰਸਕਾਰ ਪ੍ਰਦਾਨ ਕੀਤਾ ਗਿਆ ਹੈ। ਪੰਜਾਹ ਹਜ਼ਾਰ ਰੁਪਏ ਦਾ ਇਹ ਪੁਰਸਕਾਰ ਉਨ੍ਹਾਂ ਵਲੋਂ ਸੁਰਜੀਤ ਪਾਤਰ ਦੀ ਕਵਿਤਾ ਦੇ ਹਿੰਦੀ ਵਿੱਚ ਅਨੁਵਾਦ ਤੇ ਸੰਪਾਦਨ ਦੀ ਪੁਸਤਕ 'ਕਭੀ ਨਹੀਂ ਸੋਚਾ ਥਾ' ਲਈ ਦਿੱਤਾ ਜਾਣਾ ਹੈ।

ਹਿੰਦੀ, ਪੰਜਾਬੀ ਅਤੇ ਅੰਗਰੇਜ਼ੀ ਵਿੱਚ ਪੱਚੀ ਕਿਤਾਬਾਂ ਦੇ ਲੇਖਕ/ਸੰਪਾਦਕ/ਅਨੁਵਾਦਕ ਡਾ. ਚਮਨ ਲਾਲ ਨੂੰ ਇਸ ਤੋਂ ਪਹਿਲਾਂ ਵੀ ਦੋ ਰਾਸ਼ਟਰੀ ਪੁਰਸਕਾਰ ਮਿਲ ਚੁਕੇ ਹਨ।

## ਪੰਜਾਬੀ ਲਿਖਾਰੀ ਸਭਾ (ਰਜਿ.) ਰਾਮਪੁਰ ਦੀ ੫੦ਵੀਂ ਵਰ੍ਹੇ ਗੰਢ

ਪੰਜਾਬੀ ਲਿਖਾਰੀ ਸਭਾ (ਰਜਿ.) ਰਾਮਪੁਰ ਦੀ ੫੦ਵੀਂ ਵਰ੍ਹੇਗੰਢ ੫੦ ਤੋਂ ਵੱਧ ਸ਼ਾਇਰਾਂ ਨੇ 'ਗਾਉਂਦੀ ਸ਼ਾਇਰੀ' ਰਾਹੀਂ ਮਨਾਈ। ਇਹ ਸਮਾਗਮ ਸਰਵ ਸ੍ਰੀ ਸੁਰਜੀਤ ਮਰਜਾਰਾ, ਮਹਿੰਦਰ ਦੀਪ ਗਰੇਵਾਲ ਅਤੇ ਸੁਰਿੰਦਰ ਰਾਮਪੁਰੀ ਦੀ ਪ੍ਰਧਾਨਗੀ ਹੇਠ ਹੋਇਆ। ਇਸ ਮੌਕੇ ਕੈਨੇਡਾ ਤੋਂ ਨਛੱਤਰ ਸਿੰਘ ਗਿੱਲ, ਗੁਰਬਚਨ ਸਿੰਘ ਫਰੀਦਕੋਟ ਅਤੇ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਮੀਤ ਪ੍ਰਧਾਨ ਸ੍ਰੀ ਰਾਮ ਲਾਲ ਪ੍ਰੇਮੀ ਵਿਸ਼ੇਸ਼ ਤੌਰ ਤੇ ਪਹੁੰਚੇ।

ਗਿਆਨੀ ਅਮਰਜੀਤ ਸਿੰਘ ਮਾਂਗਟ ਨੇ ਸਭਾ ਦੇ ਜਨਮ ਦਿਨ ਦੀ ਖੁਸ਼ੀ ਵਿੱਚ ਪਹੁੰਚੇ ਸ਼ਾਇਰਾਂ ਦਾ ਲੱਡੂਆਂ ਨਾਲ ਮੂੰਹ ਮਿੱਠਾ ਕਰਵਾਇਆ।

ਸਭਾ ਦੇ ਜਨਰਲ ਸਕੱਤਰ ਨੇ ਪਹੁੰਚੇ ਸ਼ਾਇਰਾ ਨੂੰ ਜੀ ਆਇਆਂ ਕਿਹਾ ਅਤੇ ਸ਼ਾਇਰਾਂ ਦੀ ਜਾਣ ਪਛਾਣ ਕਰਾਈ।

ਗੁਰੂ ਨਾਨਕ ਦੇਵ ਨੈਸ਼ਨਲ ਕਾਲਜ ਦੋਰਾਹਾ ਵਿਭਾਗ ਦੇ ਮੁੱਖੀ ਪ੍ਰੋ: ਜਗਦੇਵ ਸਿੰਘ ਗਰੇਵਾਲ ਨੇ ਰਾਮਪੁਰ ਲਿਖਾਰੀ ਸਭਾ ਦੇ ਇਤਿਹਾਸ ਦੇ ਸੰਖੇਪ ਪਰ ਭਾਵ ਪੂਰਤ ਲੇਖ ਪੜ੍ਹਿਆ ਤੇ ਕਿਹਾ ਕਿ ਰਾਮਪੁਰ ਕਵਿਤਾ ਦਾ ਸਕੂਲ ਹੈ। ਅਸੀਂ ਕਾਲਜ ਦੇ ਸਹਿਯੋਗ ਨਾਲ ਪੰਜਾਬੀ ਵਿਭਾਗ ਵਲੋਂ ਰਾਮਪੁਰ ਸਭਾ ਦੇ ਮੈਂਬਰ ਨਾਲ ਲੈ ਕੇ ਖੋਜ ਪੱਤਰ, ਰਾਮਪੁਰ ਦੀ ਪੰਜਾਬੀ ਸਾਹਿਤ ਨੂੰ ਦੇਣ ਉਤੇ ਸਮਾਗਮ ਕਰਵਾਂਗੇ।

ਤਿੰਨ ਘੰਟੇ ਤੋਂ ਜ਼ਿਆਦਾ ਚਲੇ ਸ਼ਾਇਰੀ ਦੇ ਪ੍ਰਵਾਹ ਵਿੱਚ ਹਰਨੇਕ ਰਾਮਪੁਰੀ ਜਸਵੀਰ ਝੱਜ, ਸਵਰਨ ਪੱਲਾ, ਵਿਸ਼ਵਿੰਦਰ ਵਸ਼ਿਸਟ, ਨਰਿਦਰ ਮਣਕੂ, ਤ੍ਰਲੋਚਨ ਲੋਚੀ, ਪ੍ਰੀਤ ਮੱਲ੍ਹਣ, ਹਰਕੋਮਲ ਬਰਿਆਹ, ਈਸਰ ਸਿੰਘ ਪਾਸੀ, ਮਹਿੰਦਰ ਕੈਦੀ, ਦਰਸ਼ਨ ਸਿੰਘ ਦਰਸ਼ਨ, ਭੂਪਿੰਦਰ ਹਰਸ਼, ਬਲਦੇਵ ਪੋਹਾਨੇ, ਦਰਸ਼ਨ ਤੂਰ ਬਲਾਲਾ, ਬਾਬੂ ਸਿੰਘ ਚੌਹਾਨ, ਹਰਬੰਸ ਮਾਲਵਾ, ਗਰਨਾਮ ਬਾਵਾ ਆਦਿ ਸ਼ਾਇਰਾਂ ਨੇ ਭਾਗ ਲਿਆ।

ਜਸਵੰਤ ਭੌਰ, ਪ੍ਰੀਤਮ ਪੰਧੇਰ, ਹਰਚਰਨ ਮਾਂਗਟ, ਹਰਭਜਨ ਸਿੰਘ ਤੀਰ ਨੇ ਗਜ਼ਲਾਂ, ਅਨੂਪ ਖਾਨ ਪੁਰੀ, ਰਣਜੋਧ ਖਾਨ ਪੁਰੀ, ਰਾਮ ਸਿੰਘ ਅਲਬੇਲਾ, ਬਲਬੀਰ ਬੱਬੂ, ਪ੍ਰਵਜਿੰਦਰ ਕਲੇਰ, ਹਰਚੰਦ ਸਿੰਘ ਗਿੱਲ, ਰਾਮ ਸਰਣ ਮਨਸੂਰਵੀ, ਦਲਵੀਰ ਕਲੇਰ, ਗੁਰਮੇਲ ਬੀਕਾ, ਅਵਤਾਰ ਤਾਰੀ, ਗੁਰਮੀਤ ਬੁਆਣੀ ਨੇ ਗੀਤ ਗਾਕੇ, ਅਤੇ ਗੁਰਪਾਲ ਲਿੱਟ, ਬਹਾਦਰ ਸਿੰਘ ਮਾਂਗਟ,



Sri Satguru Jagjit Singh Ji eLibrary NamdhariElibrary@gmail.com

ਜਗੀਰ ਸਿੰਘ, ਗੁਰਦਿਆਲ ਦਲਾਲ, ਰਣਜੀਤ ਭੁੱਟਾ, ਸੁਰਿੰਦਰ ਖੋਸਾ, ਸਰਬਜੀਤ ਦੋਰਾਹਾ, ਗੁਰਜੀਤ ਸਿੰਘ, ਦਵਿੰਦਰ ਸੇਖਾ, ਕਰਮਜੀਤ ਸਿੰਘ ਔਜਲਾ ਅਤੇ ਹੋਰ ਬਹੁਤ ਸਾਰੇ ਸਹਿਤ ਪ੍ਰੇਮੀਆਂ ਨੇ ਗਾਉਂਦੀ ਸ਼ਾਇਰੀ ਦਾ ਕਦੇ ਕਦੇ ਪੈਂਦੀ ਨਿੱਕੀ ਨਿੱਕੀ ਭੂਰ 'ਚ ਅਨੰਦ ਲਿਆ।

ਮਹਿੰਦਰ ਦੀਪ ਗਰੇਵਾਲ ਨੇ ਗਾ ਕੇ ਗਜ਼ਲ ਸੁਣਾਈ। ਸੁਰਜੀਤ ਮਰਜਾਰਾ ਨੇ ਸੁਰਜੀਤ ਰਾਮਪੁਰੀ ਅਤੇ ਰਾਮਪੁਰ ਸਭਾ ਦੀਆਂ ਯਾਦਾਂ ਸਾਂਝੀਆਂ ਕੀਤੀਆਂ। ਗਾਉਂਦੀ ਸ਼ਾਇਰੀ 'ਚ ਪੜ੍ਹੀਆਂ ਸਾਰੀਆਂ ਹੀ ਰਚਨਾਵਾਂ ਦੀ ਗੱਲ ਕਰਦਿਆਂ ਕਿਹਾ ਕਿ ਅੱਜ ਤਾਂ ਜਨਮੇਜਾ ਜੌਹਲ ਵੀ ਗਾ ਗਿਆ। ਰਾਮਪੁਰ ਸਭਾ ਦਾ ਜਨਮ ਦਿਨ ਸ਼ਾਇਰੀ ਗਾਕੇ ਹੀ ਮਨਾਇਆ ਜਾ ਸਕਦਾ ਸੀ ਕਿਉਂਕਿ ਸਭਾ ਦੇ ਬਹੁਤੇ ਲੇਖਕ ਸ਼ਾਇਰ ਅਤੇ ਗਾਉਣ ਨਾਲ ਸਬੰਧਤ ਹਨ। ਇਸ ਮੌਕੇ ਮਰਜਾਰਾ ਨੇ ਆਪਣੀ ਲੰਬੀ ਕਵਿਤਾਂ ਚੋਂ ਕੁਝ ਬੰਦ ਗਾ ਕੇ ਸੁਣਾਏ।

ਸੁਰਿੰਦਰ ਰਾਮ ਪੁਰੀ ਨੇ ਸਭ ਆਏ ਸ਼ਾਇਰਾਂ ਦਾ ਧੰਨਵਾਦ ਕੀਤਾ।

***—ਜਸਵੀਰ ਝੱਜ***

*ਜ: ਸਕੱਤਰ*

*ਪੰਜਾਬੀ ਲਿਖਾਰੀ ਸਭਾ (ਰਜਿ.)*

*ਰਾਮਪੁਰ (ਲੁਧਿਆਣਾ)*

## ਵਿਅੰਗ, ਸਾਹਿਤ ਦਾ ਬੜਾ ਹੀ ਸੂਖਮ ਅਤੇ ਮਹਤੱਵਪੂਰਨ ਤੱਤ ਹੈ-ਭੂਸ਼ਨ ਧਿਆਨਪੁਰੀ

ਲੁਧਿਆਣਾ—"ਵਿਅੰਗ ਸਾਹਿਤ ਦਾ ਬੜਾ ਹੀ ਸੂਖਮ ਅਤੇ ਮਹੱਤਵਪੂਰਨ ਤੱਤ ਹੈ। ਭਗਤ ਕਬੀਰ ਦੀ ਬਾਣੀ ਦੇ ਵਿਅੰਗ ਦਾ ਉਨ੍ਹਾਂ ਦੇ ਅਚੇਤ ਮਨ ਉਤੇ ਬੜਾ ਡੂੰਘਾ ਪ੍ਰਭਾਵ ਹੈ। ਉਨ੍ਹਾਂ ਨੇ ਕਿਹਾ ਕਿ ਵਿਅੰਗ ਹੀ ਸਾਹਿਤ ਨੂੰ ਮਹਾਨ ਬਣਾਉਂਦਾ ਹੈ ਤੇ ਇਸ ਨੂੰ ਪੜ੍ਹ ਕੇ ਤੁਸੀਂ ਗੰਭੀਰ ਹੋ ਸਕਦੇ ਹੋ।" ਇਹ ਵਿਚਾਰ ਪੰਜਾਬੀ ਸਾਹਿਤ ਅਕਾਡਮੀ ਵਲੋਂ ਪੰਜਾਬੀ ਸਾਹਿਤਕਾਰਾਂ ਦੇ ਰੂ-ਬ-ਰੂ ਸਮਾਗਮਾਂ ਦੀ ਲੜੀ ਮੌਕੇ ਪੰਜਾਬੀ ਦੇ ਮਸ਼ਹੂਰ ਲੇਖਕ ਸ੍ਰੀ ਭੂਸ਼ਨ ਧਿਆਨਪੁਰੀ ਨੇ ਪ੍ਰਗਟ ਕੀਤੇ। ਉਨ੍ਹਾਂ ਨੇ ਕਿਹਾ ਕਿ ਸੱਚ ਨੂੰ ਬਰਦਾਸ਼ਤ ਕਰਨਾ ਬੜਾ ਮੁਸ਼ਕਿਲ ਹੁੰਦਾ ਹੈ। ਸ਼ਾਇਦ ਇਸ ਕਾਰਨ ਹੀ ਵਿਅੰਗ ਨੂੰ ਉਸ ਦਾ ਬਣਦਾ ਢੁਕਵਾਂ ਸਥਾਨ ਨਹੀਂ ਮਿਲ ਸਕਿਆ। ਉਨ੍ਹਾਂ ਨੇ ਤਮੋਗੁਣੀ ਰਜੋਗੁਣੀ ਅਤੇ ਸਤੋਗੁਣੀ ਤਿੰਨ ਤਰ੍ਹਾਂ ਦੇ ਹਾਸ ਵਿਅੰਗ ਬਾਰੇ ਵਿਸਥਾਰ ਸਹਿਤ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਕਮਜ਼ੋਰ, ਗਰੀਬ ਤੇ ਬਿਮਾਰ ਉੱਤੇ ਹੱਸਣਾ ਬਹੁਤ ਘਟੀਆ ਹੈ। ਉਨ੍ਹਾਂ ਨੇ ਕਿਹਾ ਵਿਅੰਗ ਕੋਈ ਮਨੋਰੰਜਨ ਵਾਲੀ ਵਸਤੂ ਨਹੀਂ ਹੈ। ਕਵਿਤਾ ਦੀ ਕੋਈ ਸ਼ੈਲੀ ਨਹੀਂ ਹੁੰਦੀ ਹੈ। ਉਨ੍ਹਾਂ ਕਿਹਾ ਕਿ ਜੇ ਅਸੀਂ ਕਵਿਤਾ ਵਿੱਚ ਬੱਚਿਆਂ ਨੂੰ ਫੁੱਲਾਂ ਦੀ ਗੱਲ ਸੁਣਾਈਏ ਤਾਂ ਕਿ ਉਹ ਵੱਡੇ ਹੋ ਕੇ ਗੋਲੀਆਂ ਨਾ ਚਲਾਉਣ। ਸ੍ਰੀ ਭੂਸ਼ਨ ਨੇ ਸਵਰਗੀ ਸ਼ਿਵ ਕੁਮਾਰ ਬਟਾਲਵੀ ਨਾਲ ਆਪਣੀ ਦੋਸਤੀ ਦਾ ਜ਼ਿਕਰ ਕਰਦੇ ਹੋਏ ਕਿਹਾ ਕਿ ਸ਼ਿਵ ਬਹੁਤ ਵੱਡਾ ਕਵੀ ਸੀ। ਸੁਰਜੀਤ ਪਾਤਰ ਵੱਲੋਂ ਪੁੱਛੇ ਸਵਾਲ ਦਾ ਜਵਾਬ ਸੁਣ ਕੇ ਕਈ ਸਰੋਤਿਆਂ ਨੂੰ ਬੜੀ ਹੈਰਾਨੀ ਹੋਈ ਕਿ ਭੂਸ਼ਨ ਦਾ ਅਸਲੀ ਨਾਂਅ 'ਬੇਨਤੀ ਸਰੂਪ' ਹੈ। ਪੰਜਾਬੀ ਸ਼ਾਇਰ ਜਸਵੰਤ ਜ਼ਫ਼ਰ ਨੇ ਭੂਸ਼ਨ ਧਿਆਨਪੁਰੀ ਦੇ ਜੀਵਨ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦੀਆਂ ਪੁਸਤਕਾਂ 'ਸਿਰਜਣਧਾਰਾ' ਅਤੇ 'ਜਾਂਦੀ ਵਾਰ ਦਾ ਸੱਚ' ਹਨ। ਇਸ ਤੋਂ ਬਿਨਾਂ ਉਨ੍ਹਾਂ ਦੇ ਵਿਅੰਗ ਰੋਜ਼ਾਨਾ ਅਖਬਾਰਾਂ ਵਿੱਚ ਛਪਦੇ ਰਹਿੰਦੇ ਹਨ। ਡਾ. ਸੁਰਜੀਤ ਪਾਤਰ ਨੇ ਇਸ ਮੌਕੇ ਬੋਲਦਿਆਂ ਕਿਹਾ ਕਿ ਭੂਸ਼ਨ ਇੱਕ ਅਜਿਹਾ ਲੇਖਕ ਹੈ ਜਿਸ ਦੀ ਕਹਿਣੀ ਤੇ ਕਰਣੀ ਵਿੱਚ ਕੋਈ ਅੰਤਰ ਨਹੀਂ ਤੇ ਉਨ੍ਹਾਂ ਭੂਸ਼ਨ ਧਿਆਨਪੁਰੀ ਨਾਲ ਬਿਤਾਏ ਦਿਨਾਂ ਦੀਆਂ ਯਾਦਾਂ ਵੀ ਹਾਜ਼ਰ ਸਰੋਤਿਆਂ ਨਾਲ ਸਾਂਝੀਆਂ ਕੀਤੀਆਂ। ਇਸ ਮੌਕੇ ਪਰਮਜੀਤ ਪੰਮੀ, ਗੁਰਚਰਨ ਕੌਰ ਕੋਚਰ, ਡਾ. ਸੁਰਜੀਤ ਪਾਤਰ ਤੇ ਡਾ. ਪਰਮਜੀਤ ਸੋਹਲ ਆਦਿ ਸਾਹਿਤਕਾਰਾਂ ਦੇ ਪ੍ਰਸ਼ਨਾਂ ਦੇ ਭੂਸ਼ਣ ਨੇ ਆਪਣੇ ਵਿਲੱਖਣ ਅੰਦਾਜ਼ ਵਿਚ ਜਵਾਬ ਦਿੱਤੇ। ਇਸ ਸਮਾਗਮ ਵਿਚ ਹੋਰਨਾਂ ਤੋਂ ਇਲਾਵਾ ਪ੍ਰਿੰ. ਪ੍ਰੇਮ ਸਿੰਘ ਬਜਾਜ, ਚਰਨਜੀਤ ਸਿੰਘ, ਡਾ. ਫਕੀਰ ਚੰਦ ਸ਼ੁਕਲਾ, ਕੰਵਲ ਵਾਲੀਆ, ਸੁਖਦੇਵ ਮਾਦਪੁਰੀ, ਰਾਮ ਸ਼ਰਨ ਮਨਸੂਰਵੀ, ਸੁਰਿੰਦਰਜੀਤ ਕੌਰ, ਪ੍ਰੋ. ਮਹਿੰਦਰ ਸਿੰਘ ਪੂਰਬਾ, ਭੁਪਿੰਦਰ ਹਰਸ਼, ਡਾ. ਅਜੀਤ ਸਿੰਘ ਸਿੱਕਾ, ਡਾ. ਸ. ਨ. ਸੇਵਕ ਸਰਦਾਰ ਪੰਛੀ, ਡਾ. ਕੁਲਵਿੰਦਰ ਕੌਰ ਮਿਨਹਾਸ, ਕਰਮਜੀਤ ਸਿੰਘ ਔਜਲਾ, ਸੁਭਾਸ਼ ਪਰਿਹਾਰ, ਪ੍ਰੋ. ਰਮਨ, ਹਰਦੀਪ ਢਿੱਲੋ, ਸ਼ਾਹ ਚਮਨ, ਸੁਭਾਸ਼ ਕਲਾਕਾਰ, ਨਿਰਮਲ ਜੌੜਾ,ਪ੍ਰੋ. ਗੁਰਭਜਨ ਗਿੱਲ, ਗੁਰਚਰਨ ਕੌਰ ਕੋਚਰ, ਬੁੱਧ ਸਿੰਘ ਨੀਲੋਂ, ਜਨਮੇਜਾ ਸਿੰਘ ਜੌਹਲ, ਜਸਵੰਤ ਸਿੰਘ ਅਮਰ ਆਦਿ ਸਾਹਿਤਕਾਰ ਹਾਜ਼ਰ ਸਨ। ਅਕਾਡਮੀ ਦੇ ਜਨਰਲ ਸਕੱਤਰ ਪ੍ਰੋ. ਰਵਿੰਦਰ ਭੱਠਲ ਨੇ ਸ੍ਰੀ ਭੂਸ਼ਨ ਧਿਆਨਪੁਰੀ ਅਤੇ ਸਮਾਗਮ ਵਿਚ ਪਹੁੰਚੇ ਸਾਹਿਤਕਾਰਾਂ ਦਾ ਧੰਨਵਾਦ ਕੀਤਾ।

***—ਬੁੱਧ ਸਿੰਘ ਨੀਲੋਂ***



Sri Satguru Jagjit Singh Ji eLibrary NamdhariElibrary@gmail.com

ਹਰ ਤਰ੍ਹਾਂ ਦੇ ਸੰਗੀਤ ਦੇ ਸਾਜ਼ਾਂ ਵਾਸਤੇ
ਸਿਤਾਰ ਅਤੇ ਤਾਨਪੁਰਾ ਦੇ ਮਾਹਰ



ਗੁਰਦਿਆਲ ਸਿੰਘ ਐਂਡ ਸਨਜ਼
ਫਗਵਾੜਾ ਗੇਟ, ਜਲੰਧਰ ਫੋਨ : ੪੫੯੮੬੯

ਹਰ ਪ੍ਰਕਾਰ ਦੀਆਂ ਚੁਗਾਠਾਂ ਜੋੜੀ ਪੱਲੇ ਅਤੇ ਹੋਰ
ਲੱਕੜੀ ਦੇ ਤਸੱਲੀਬਖਸ਼ ਕੰਮ ਵਾਸਤੇ
ਦਰਸ਼ਨ ਦਿਓ

**ਬਚਨ ਸਿੰਘ ਐਂਡ ਸਨਜ਼**

ਨਿਊ ਟਿੰਬਰ ਮਾਰਕੀਟ
ਇਕਹਿਰੀ ਪੁਲੀ, ਜਲੰਧਰ ਸ਼ਹਿਰ
ਫੋਨ ਨੰ. ੨੩੨੯੯੦

*ਵਰਿਆਮ ਲਈ ਸ਼ੁਭ ਇਛਾਵਾਂ :*
*ਸ. ਅਜੀਤ ਸਿੰਘ ਨਾਮਧਾਰੀ*

**ਨਾਮਧਾਰੀ ਬ੍ਰਦਰਜ਼**

ਡਾਲਟਨਗੰਜ (ਬਿਹਾਰ)

**Namdhari Brothers**

Dalton Ganj (Bihar)
Prop. S. Ajit Singh Namdhari

JANTA
HYDRAULIC PRESSES



JANTA ENGG. WORKS
P.O. MOHAN NAGAR
RAJENDRA NAGAR
INDUSTRIAL AREA,
GHAZIABAD-210 007 (U.P.)
PHONE: OFF: 8-63455
RESI: 5412951
8-64574

MFRS. OF:
HYDRAULIC PRESSES FOR THE USE OF
- RUBBER MOULDING
- CONVEYOR & TRANSMISSION BELTING
- PLYWOOD HOT PRESSES
- DEEP DRAWING
- CLUTCH FACING & BRAKE LINING

ਫੈਂਸੀ ਬਿਲਡਿੰਗ ਮੈਟੀਰੀਅਲ, ਤਾਲੇ ਅਤੇ ਹੋਰ
ਹਾਰਡਵੇਅਰ ਦੇ ਸਮਾਨ ਵਾਸਤੇ ਯਾਦ ਰੱਖੋ ਦਰਵਾਜ਼ੇ,
ਖਿੜਕੀਆਂ, ਰੌਸ਼ਨਦਾਨ ਅਤੇ ਲੱਕੜੀ ਦਾ ਵਧੀਆ
ਇਮਾਰਤੀ ਸਮਾਨ ਤਿਆਰ ਕਰਨ ਵਾਲੇ

**ਹਰਭਜਨ ਵੁੱਡ ਵਰਕਸ**

ਇਕਹਿਰੀ ਪੁਲੀ ਜਲੰਧਰ - ੧੪੪੦੦੪
ਫੋਨ ੨੩੮੭੮੪

੧ਓ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

**SAGGU**
**IRON INDUSTRIES**
**ਸੱਗੂ ਆਇਰਨ ਇੰਡਸਟਰੀਜ਼**

Sugar Mill Spares, Paper & Boards Mill Spares, Textile Mill Spares, Distillery Spares & Solvent Plant Spares All Type of Gear & Chain Sprockets & Industrial Chain

Partner : S. Puran Singh Saggu
S. Narinder Singh Saggu

Old Railway Road, Jalandhar Ph. : 459795, 459056



Sri Satguru Jagjit Singh Ji eLibrary NamdhariElibrary@gmail.com

# ਪ੍ਰਤੀਕਿਰਿਆ

## ਚਕ੍ਰਵਕਤੀ ਰਚਨਾ ਬਾਰੇ ਸੰਪਾਦਕੀ ਟਿੱਪਣੀ

ਵਰਿਆਮ ਦੇ ਅਗਸਤ ਦੇ ਪਰਚੇ ਵਿੱਚ ਬਜ਼ੁਰਗ ਨਾਮਧਾਰੀ ਸਾਹਿਤਕਾਰ ਸੰਤ ਇੰਦਰ ਸਿੰਘ ਚਕ੍ਰਵਰਤੀ ਬਾਰੇ ਕਾਮਰੇਡ ਸੁਵਰਨ ਸਿੰਘ ਵਿਰਕ ਦੇ ਖੋਜ ਭਰਪੂਰ ਅਲੋਚਨਾਤਮਕ ਲੇਖ ਵਿਚੋਂ ਕਈ ਗੱਲਾਂ ਨਵੀਆਂ ਪੜ੍ਹਨ ਨੂੰ ਮਿਲੀਆਂ। ਮੇਰੀ ਜਾਚੇ ਸੰਤ ਚਕ੍ਰਵਰਤੀ ਪਹਿਲਾ ਨਾਮਧਾਰੀ ਲੇਖਕ ਸੀ ਜਿਹਨੇ ਸਾਹਿਤ ਦੀਆਂ ਲਗਭਗ ਸਾਰੀਆਂ ਵਿਧਾਂ ਤੇ ਹੱਥ ਅਜ਼ਮਾਇਆ, ਉਨ੍ਹਾਂ ਵਿੱਚ ਮੁਹਾਰਤ ਪ੍ਰਾਪਤ ਕੀਤੀ ਤੇ ਨਾਮਧਾਰੀ ਸਾਹਿਤ ਅਤੇ ਇਤਿਹਾਸ ਨੂੰ ਨਾਮਧਾਰੀ ਦਾਇਰੇ ਵਿਚੋਂ ਕੱਢ ਕੇ ਬਾਹਰਲੇ ਜਗਤ ਨਾਲ ਉਸਦੀ ਜਾਣ-ਸਿਆਣ ਕਰਵਾਈ, ਪਰ ਜਿੰਨੀ ਵਧ ਉਸ ਦੀ ਕੁਰਬਾਨੀ ਹੈ ਉਨਾਂ ਹੀ ਉਹ ਅਣਗੌਲਿਆ ਰਿਹਾ ਹੈ। ਜੇ ਉਸ ਵਿੱਚ ਅਜ ਕਲ ਪ੍ਰਚਲਤ ਤਕਨੀਕ ਵਰਤਣ ਦੀ ਵਿਉਂਤਬੰਦੀ ਦੀ ਜ਼ਰਾ ਜਿੰਨੀ ਵੀ ਕਣੀ ਹੁੰਦੀ ਤਾਂ ਇਕ ਡੇਰੇ ਤੇ ਅਨਪੜ ਪਰਿਵਾਰ ਤੋਂ ਉਠ ਕੇ ਜਿੰਨੀ ਦੇਣ ਪੰਜਾਬੀ ਸਾਹਿਤ ਨੂੰ ਦਿੱਤੀ ਹੈ ਉਸ ਆਧਾਰ ਤੇ ਉਹ ਸਾਹਿਤ ਅਕਾਦਮੀ ਦਾ ਪੁਰਸਕਾਰ ਵਿਜੇਤਾ ਹੁੰਦਾ।

ਬਹੁਤੇ ਅਫਸੋਸ ਦੀ ਗੱਲ ਹੈ ਕਿ ਨਾਮਧਾਰੀਆਂ ਦੀ ਬਹੁਤ ਵੱਡੀ ਗਿਣਤੀ ਉਸ ਦੀਆਂ ਲਿਖਤਾਂ ਤੋਂ ਅਣਜਾਣ ਤੇ ਅਭਿੱਗ ਹੈ। ਉਹ ਇਕ ਨਹੀਂ ਸਗੋਂ ਤਿੰਨ ਮਹਾਂਕਾਵਾਂ ਦਾ ਮਹਾਂਕਵੀ ਸੀ। ਵਿਰਕ ਹੋਰਾਂ ਦੇ ਲੇਖ ਵਿੱਚ ਮਾਰਕਸ ਬਾਰੇ ਲਿਖੇ ਉਸ ਦੇ ਮਹਾਂਕਾਵਿ ਦੇ ਜ਼ਿਕਰ ਉਤੇ ਆਪ ਵਲੋਂ ਕੀਤੀ ਗਈ ਟਿਪਣੀ, ਕਿ ਇਹ ਮਹਾਂਕਾਵਿ ਗੁਰੂ ਤੇਗ ਬਹਾਦਰ ਬਾਰੇ ਸੀ, ਠੀਕ ਨਹੀਂ। ਗੁਰੂ ਤੇਗ ਬਹਾਦਰ ਜੀ ਨੂੰ ਅਕਸਰ 'ਹਿੰਦ ਦੀ ਚਾਦਰ' ਦਾ ਰੁਤਬਾ ਦਿੱਤਾ ਜਾਂਦਾ ਹੈ। ਚਕ੍ਰਵਰਤੀ ਜੀ ਦਾ ਮਹਾਂਕਾਵਿ ਇਸੇ ਨਾਂ ਹੇਠ ਪ੍ਰਕਾਸ਼ਤ ਹੋਇਆ ਸੀ। ਤੀਜਾ ਮਹਾਂਕਾਵਿ 'ਮਾਰਕਸ ਮਹਾਂਮਾਨਵ' ਸੀ ਜਿਹੜਾ ਨਾਮਧਾਰੀ ਪੰਥ ਦੀ ਉਦਾਸੀਨਤਾ ਅਤੇ ਪਰਵਾਰਕ ਅਣਗਹਿਲੀ ਦਾ ਸ਼ਿਕਾਰ ਹੋ ਕੇ ਰੱਦੀ ਦੇ ਭਾਅ ਕੂੜ-ਕਬਾੜ ਵਿੱਚ ਵਿਕ ਕੇ ਮਾਤਲੋਕ ਤੋਂ ਅਲੋਪ ਹੋ ਚੁਕਾ ਹੈ। ਬਾਹਰਲੇ ਜਗਤ ਵਿੱਚ ਸੰਤ ਜੀ ਦੀ ਜਾਣ ਪਛਾਣ 'ਮਾਲਵੇਂਦ੍ਰ' ਕਰਕੇ ਹੀ ਬਣੀ ਜਾਪਦੀ ਹੈ। ਉਕਤ ਸੰਪਾਦਕੀ ਟਿਪਣੀ ਦੀ ਸੋਧ ਭਵਿਖ ਦੇ ਅਲੋਚਕਾਂ ਨੂੰ ਭੁਲੇਖੇ ਵਿੱਚ ਪੈਣ ਤੋਂ ਬਚਾਏਗੀ। ਨਿਰੋਲ ਇਸ ਆਸ਼ੇ ਨਾਲ ਪਾਠਕਾਂ ਨਾਲ ਇਹ ਸਤਰਾਂ ਸਾਂਝੀਆਂ ਕਰ ਰਿਹਾ ਹਾਂ।

ਧੰਨਵਾਦ ਸਹਿਤ,

*—ਸਵਰਨ ਸਿੰਘ ਸਨੇਹੀ*

*ਸ਼ਾਹਪੁਰ (ਫਿਲੌਰ)*

(ਇਹ ਸਰਾਸਰ ਪਰੂਫ਼ ਦੀ ਗਲਤੀ ਸੀ ਜਿਸ ਨੇ 'ਇਕ' ਦੀ ਥਾਂ 'ਇਹ' ਸ਼ਬਦ ਬਣਾ ਦਿਤਾ।—ਸੰਪਾਦਕ)

---

ਤੁਹਾਡਾ ਮੈਗਜ਼ੀਨ 'ਵਰਿਆਮ' ਲਗਾਤਾਰ ਮਿਲ ਰਿਹਾ ਹੈ। ਪਿਛਲੇ ਅੰਕਾਂ ਵਿਚ ਨਿੰਦਰ ਘੁਗਿਆਣਵੀ ਦੀ ਜਾਨਦਾਰ ਸ਼ੈਲੀ ਵਿੱਚ ਲਿਖੀ ਵਾਰਤਕ ਨੇ ਕਾਫੀ ਪ੍ਰਭਾਵਤ ਕੀਤਾ ਸੀ, ਪਰ ਖ਼ਤ ਲਿਖ ਕੇ ਪ੍ਰਸੰਸਾ ਕਰਨ ਤੋਂ ਖੁੰਝ ਗਿਆ।

ਤੁਸੀਂ ਸਿਰੜ ਨਾਲ ਇਸ ਖੇਤਰ ਵਿੱਚ ਨਿਭ ਰਹੇ ਹੋ, ਇਹ ਬੜੀ ਹੌਸਲਾ ਦੇਣ ਵਾਲੀ ਗੱਲ ਹੈ। ਮੇਰਾ ਪਤਾ ਬਦਲ ਗਿਆ ਹੈ। ਨੋਟ ਕਰ ਲਵੋ।

*—ਬਲਦੇਵ ਸਿੰਘ (ਡਾ.) ਧਾਲੀਵਾਲ*

*ਸੀ-੧੫*

***ਪੰਜਾਬੀ ਯੂਨੀਵਰਸਿਟੀ***

***ਪਟਿਆਲਾ***

---

ਵਰਿਆਮ ਦੀ ਜੁਲਾਈ-ਜਿਲਦ ਤੇ ਸਨਮਾਨਿਯਾ ਕਵੀ ਜੀ, ਨਿਰੰਜਣ ਸਿੰਘ ਜਥੇਦਾਰ ਤੇ ਨਿਰੰਜਨ ਸਿੰਘ "ਮ੍ਰਿਗੇਸ਼" ਨੂੰ ਸਮਰਪਤ ਜਾਣੋ।

ਸੂਬਾ ਜੀ ਨਰੰਜਣ ਸਿੰਘ ਕਕੜ ਪੜ੍ਹ ਇਕ ਪੁਰਾਣੇ ਜਥੇਦਾਰ ਫੌਜਾ ਸਿੰਘ ਜੀਆਂ ਦੀ ਤਕਰੀਬਨ ੪੦ ਸਾਲ ਪੁਰਾਣੀ ਯਾਦ ਤਾਜ਼ਾ ਹੋ ਗਈ। ਗੁਰਾਇਆ ਵਿੱਚ ਦੀਵਾਨ ਸਜਿਆ ਹੋਇਆ ਸੀ। ਮਾਈਕ ਦੀਆਂ ਤਾਰਾਂ ਸ਼ਾਟ ਹੋ ਜਾਣ ਤੇ ਜਥੇਦਾਰ ਜੀ ਬੋਲੇ : "ਇਸ ਨੂੰ ਪਰੇ ਕਰੋ ਮੈਂ ਇਥੋਂ ਆਵਾਜ਼ ਉਂਞ ਹੀ ਛੋਟੇ ਰੁੜਕੇ ਤਕ ਪੁਜਾ ਦਿਆਂਗਾ" ਤੇ ਇਹ ਸੱਚ ਸੀ।

ਮ੍ਰਿਗੇਸ਼ ਜੀਆਂ ਦੀ ਪੂਰਨ ਜੀਵਨ ਕਥਾ ਦੱਸ ਵਿਰਕ ਜੀ ਫਿਰ ਨਾਮਧਾਰੀ ਸਾਹਿਤਕ ਸਮਗਰੀ ਵਿਚ ਆਪਣੀ ਯੋਗਦਾਨ ਪਾ ਗਏ ਹਨ। ਤਸਵੀਰਾਂ ਤੱਕ ਸਾਂਝ ਹੋਰ ਭੀ ਡੂੰਘਾਈਆਂ ਤੱਕ ਜਾ ਪੁਜਦੀ ਹੈ।

ਪਿਛੇ ਜਿਹੇ ਸੰਤ ਜਗਤਾਰ ਸਿੰਘ ਜੀਆਂ ਦਾ ਗਰੁਪ



Sri Satguru Jagjit Singh Ji eLibrary NamdhariElibrary@gmail.com

ਸਿਡਨੀ ਆਇਆ ਸੀ ਤੇ ਅਸੀਂ ਸਾਰਿਆਂ ਜਿਵੇਂ ਤੁਹਾਡੇ ਦਰਸ਼ਨ ਕਰ ਲਏ ਹੋਣ ਗੱਲਾਂ ਕਰਕੇ।

***—ਦਲਬੀਰ ਸਿੰਘ ਤਰਸ, ਸਿਡਨੀ***

---

ਬੇਨਤੀ ਹੈ ਕਿ ਜੁਲਾਈ ੨੦੦੨ ਦਾ ਪਰਚਾ ਨਹੀਂ ਮਿਲਿਆ, ਅਗਸਤ ਦਾ ਪਰਚਾ ਮਿਲ ਗਿਆ ਹੈ। ਹਰ ਅੰਕ ਦੀ ਸਮਗਰੀ ਕਾਫੀ ਅੱਛੀ ਹੁੰਦੀ ਹੈ। ਪਰਚਾ ਮਿਲਣ ਤੋਂ ਰਹਿ ਜਾਏ ਤਾਂ ਬਹੁਤ ਮਾਯੂਸੀ ਹੁੰਦੀ ਹੈ।

ਅਗਸਤ ਦੇ ਪਰਚੇ ਵਿੱਚ ਆਜ਼ਾਦੀ ਦੀ ਵਰ੍ਹੇ ਗੰਢ ਮਜ਼ਮੂਨ ਪੜ੍ਹ ਕੇ ਬਹੁਤ ਹੀ ਖੁਸ਼ੀ ਹੋਈ ਜੋ ਕਿ ਅੱਜ ਦੇ ਹਾਲਾਤ ਮੁਤਾਬਕ ਹੈ। ਇਹੋ ਜਿਹੇ ਆਰਟੀਕਲ ਲਿਖਣ ਅਤੇ ਛਾਪਣ ਲਈ ਬਹੁਤ ਬਹੁਤ ਮੁਬਾਰਕਬਾਦ।

***—ਮੁਹਿੰਦਰ ਸਿੰਘ***

੧-੨ ੪੧੦ A ਗਗਨ ਮਹਲ ਕਲੋਨੀ
ਹੈਦਰਾਬਾਦ

---

## ਪ੍ਰੀਤਮ ਸਿੰਘ ਕਵੀ ਜੀ ਨੂੰ ਯਾਦ ਕਰਦਿਆਂ

ਜਦੋਂ ਕਵੀ ਜੀ ਬਾਰੇ ਖਬਰ ਆਈ ਤਾਂ ਮੈਂ ਲੰਡਨ ਹਸਪਤਾਲ ਵਿਚ ਸਾਂ। ਮੈਨੂੰ ਘਰਦਿਆਂ ਨੇ ਨਹੀਂ ਦਸਿਆ। ਜਦੋਂ ਘਰ ਆਇਆ 'ਵਰਿਆਮ' ਵਿੱਚ ਪੜ੍ਹ ਕੇ ਮਨ ਨੂੰ ਏਨਾ ਦੁੱਖ ਹੋਇਆ ਕਿ ਮੇਰੇ ਲਈ ਇਕ ਚਾਨਣ ਦੇਣ ਵਾਲੀ ਰੌਸ਼ਨੀ ਬੁੱਝ ਗਈ ਹੈ। ਤੁਹਾਡੇ ਪਿਛਲੇ ਵਰਿਆਮ (ਜੁਲਾਈ ੨੦੦੨) ਵਿੱਚ ਵੀ ਸਜਣਾਂ ਵਲੋਂ ਉਹਨਾਂ ਦੇ ਬਾਰੇ ਲਿਖਿਆ ਹੋਇਆ ਸੀ। ਮੇਰੇ ਵੀ ਬਹੁਤ ਮਿੱਤਰ ਸਨ। ਆਪ ਨੂੰ ਪਤਾ ਹੀ ਹੈ ਜਦੋਂ ਨਵਾਂ ਜ਼ਮਾਨਾ ਵਿੱਚ ਉਹ ਕੰਮ ਕਰਦੇ ਸਨ ਤਾਂ ਉਹਨਾਂ ਦੀ ਰਿਹਾਇਸ਼ ਇਕ ਪਿੰਡ (ਰੇਰੂ) ਵਿੱਚ ਸੀ ਜਿਥੇ ਕਿ ਮੈਂ ਦੋ ਦਿਨ ਰਿਹਾ। ਉਹਨਾਂ ਦੀ ਖੁਸ਼ੀ ਇਸ ਗਲ ਵਿੱਚ ਸੀ। ੫੫ ਸਾਲ ਤੋਂ ਉਹਨਾਂ ਮੈਨੂੰ ਬਹੁਤ ਸਿਖਾਇਆ। ਉਹਨਾਂ ਦੀ ਮਿਠਾਸ ਪਿਆਰ ਤੇ ਹਰਦਿਲ ਅਜ਼ੀਜ਼ੀ ਬੜੇ ਯਾਦ ਰਹੇਗੀ ਕਿਉਂਕਿ ਕਵੀ ਜੀ ਵਰਗਾ ਕੋਈ ਜਮਣਾ ਨਹੀਂ ਹੈ। ਮੇਰੇ ਪਾਸ ਉਹਨਾਂ ਦੀਆਂ ਆਈਆਂ ਚਿਠੀਆਂ ਘੱਟੋਂ ਘੱਟ ੧੦੦ ਕੁ ਹੋਣਗੀਆਂ। ਉਹ ਹਰ ਚਿਠੀ ਵਿੱਚ ਕੋਈ ਨਾ ਕੋਈ ਗੱਲ ਦਸਦੇ ਸਨ। ਮਰਿਆਦਾ ਬਾਰੇ, ਚਿਠੀ ਲਿਖਣ ਦੇ ਢੰਗ ਬਾਰੇ ਆਦਿ ਆਦਿ। ਜਦੋਂ ਮੈਂ ਕੰਪਾਲੇ (ਯੂਗੰਡਾ) ਵਿੱਚ ਸਾਂ ਮੇਰੇ ਕਲਮੀ ਮਿੱਤਰ ਰਹੇ। ਜਦੋਂ ਜੀਵਨ ਨਗਰ 'ਸਤਿਜੁਗ' ਵਿੱਚ ਆਏ ਮੈਂ ਉਹਨਾਂ ਪਾਸ ਸ੍ਰੀ ਜੀਵਨ ਨਗਰ ਗਿਆ। ਮੈਂ ਉਹਨਾਂ ਪਾਸ ਜੀਵਨ ਨਗਰ ਰਿਹਾ। ਉਹ ਆਪਣੇ ਕਪੜੇ ਸਾਫ ਸੁਥਰੇ ਰਖਦੇ ਸਨ ਅਤੇ ਪੈਰਾਂ ਦਾ ਜੋੜਾ ਵੀ ਚਮਕਾਂ ਮਾਰਦਾ ਸੀ। ਜਿਵੇਂ ਉਹ ਸਾਫ ਸੁਥਰੇ ਕਪੜੇ ਰਖਦੇ ਸਨ, ਉਹ ਦਿਲੋਂ ਵੀ ਸਾਫ ਸੁੱਥਰੇ ਸਨ। ਮੈਂ ਉਹਨਾਂ ਨੂੰ ਬਹੁਤ ਨੇੜੇ ਹੋ ਕੇ ਦੇਖਿਆ। ਜਦੋਂ ਸ੍ਰੀ ਸਤਿਗੁਰੂ ਜੀ ਨਾਲ ਇੰਗਲੈਂਡ ਆਏ ਤਾਂ ਸੱਚੇ ਪਾਤਸ਼ਾਹ ਜੀ ਨੂੰ ਬੇਨਤੀ ਕੀਤੀ ਕਿ ਮੈਂ ਭਮਰਾ ਜੀ ਪਾਸ ਹੀ ਰਹਾਂਗਾ। ਲਗਭਗ ਇਕ ਮਹੀਨੇ ਤੋਂ ਵੀ ਵੱਧ ਸਮਾਂ ਮੇਰੇ ਪਾਸ ਰਹੇ। ਮੇਰੇ ਨਾਲ ਇੰਗਲੈਂਡ ਵਿੱਚ ਹਰ ਥਾਂ ਜਾਂਦੇ ਸਨ। ਉਹ ਮੈਨੂੰ ਬਹੁਤ ਦਿਲਚਸਪ ਕਹਾਣੀਆਂ ਅਤੇ ਸਤਿਗੁਰੂ ਜੀ ਦੇ ਬਚਨ ਦਸਦੇ ਸਨ। ਉਹਨਾਂ ਨੇ ਕਦੇ ਨਹੀਂ ਸੀ ਆਖਿਆ ਕਿ ਮੈਂ ਥੱਕ ਗਿਆ ਹਾਂ ਅਤੇ ਨਾ ਹੀ ਕਦੇ ਗੁੱਸਾ ਆਇਆ ਸੀ। ਇਕ ਦਿਨ ਮੈਂ ਕਵੀ ਜੀ ਨੂੰ ਆਖਿਆ ਤੁਸੀਂ ਜੋ ਸਿਮਰਨ ਵਿਚ ਰੁਬਾਈਆਂ ਲਿਖੀਆਂ ਹਨ ਉਹਨਾਂ ਨੂੰ ਬਹੁਤ ਸਮਝਣ ਦੀ ਲੋੜ ਹੈ। ਇਕ ਰੁਬਾਈ ਬਾਰੇ ਮੈਂ ਪੁਛਿਆ ਇਸ ਦਾ ਕੀ ਮਤਲਬ ਹੈ।

**"ਬਾਲ ਪ੍ਰੀਤਮ ਠੋਡੀ ਹੱਥ ਧਰ, ਧਰ ਤੇ ਲੰਮਾ ਪੈ ਕੇ**
**ਸੁਣਦਾ ਰਿਹਾ ਕਹਾਣੀ ਕੁਦਰਤ ਰੋਜ ਬਰੋਜ਼ੀਂ ਕਹਿ ਕੇ**
**ਤਖਤ ਬਖ਼ਤ ਦਾ ਮਾਲਕ ਬਣ ਹੁਣ ਸੈਰ ਜਗਤ ਦੇ ਕਰਦਾ ;**
**ਕਥਾਕਾਰ ਵੇਂਹਦਾ ਹੀ ਰਹਿੰਦਾ ਕਦ ਜਾਵੇਗਾ ਲੈ ਕੇ"**

ਕਵੀ ਜੀ ਬੜੇ ਖੁਸ਼ ਹੋਏ। ਆਖਣ ਲੱਗੇ ਭਮਰਾ ਇਸ ਰੁਬਾਈ ਨੇ ਮੈਨੂੰ ਸਾਰੀ ਦੁਨੀਆਂ ਦਾ ਚੱਕਰ ਲੁਆ ਦਿੱਤਾ ਹੈ। ਕਵੀ ਦਸਦੇ ਸਨ, ਜਦੋਂ ਸਤਿਗੁਰੂ ਜੀ ਬਾਲ ਅਵਸਥਾ ਵਿੱਚ ਸਨ ਤਾਂ ਆ ਕੇ ਕਹਿਣਾ ਕਵੀ ਕੋਈ ਬਾਹਰ ਦੇ ਮੁਲਕਾਂ ਦੀ ਗਲ ਸੁਣਾ। ਉਸ ਵੇਲੇ ਠੋਡੀ ਹੱਥ ਤੇ ਰੱਖ ਕੇ ਲੰਮਾ ਪੈ ਕੇ ਬੜੇ ਪਿਆਰ ਨਾਲ ਸੁਣਦੇ ਸਨ। ਮੈਂ ਕਲਪਨਾ ਨਾਲ ਕਹਾਣੀਆਂ ਪਾਈ ਜਾਂਦਾ। ਹੁਣ ਤਖਤ ਬਖਤ ਦੇ ਮਾਲਕ ਬਣ ਕੇ ਸਾਰੇ ਜਗਤ ਵਿੱਚ ਨਾਮ ਬਾਣੀ ਦਾ ਛੱਟਾ ਦੇ ਰਹੇ ਹਨ, ਕਥਾਕਾਰ (ਭਾਵ ਕਵੀ ਜੀ ਆਪ) ਵੇਖਦਾ ਹੀ ਰਹਿੰਦਾ ਕਿ ਕਦੇ ਸਾਡੀ ਵੀ ਵਾਰੀ ਆਵੇਗੀ। ਉਸ ਰਾਤ ਸਿਮਰਨ ਨੂੰ ਆਪ ਪੜ੍ਹ ਕੇ ਸੁਰ ਵਿੱਚ ਸੁਣੌਂਦੇ ਰਹੇ। ਇਹ ਯਾਦਾਂ ਆ ਰਹੀਆਂ ਹਨ।

ਮੈਂ ਕਵੀ ਜੀ ਨੂੰ ਇਕ ਵਾਰ ਆਖਿਆ ਕਿ ਗੁਰਬਾਣੀ ਦਾ ਪਾਠ ਮੈਨੂੰ ਸ਼ੁਧ ਕਰਾ ਦਿਓ। ਦੂਜੇ ਦਿਨ ਮੈਨੂੰ ਆਖਿਆ ਪੜ੍ਹਨਾ ਸ਼ੁਰੂ ਕਰੋ। ਮੈਂ ਜਦੋਂ ਪਹਿਲੀ ਪਉੜੀ ਦਾ ਪਾਠ ਕੀਤਾ, ਉਹਨਾਂ ਦਸਿਆ ਕਿ ਏਨੀਆਂ ਗਲਤੀਆਂ ਹਨ। ਬੜੇ ਪਿਆਰ ਨਾਲ ਆਖਣ ਲਗੇ, ਸਿਹਾਰੀ, ਲਗਾਂ, ਮਾਤਰਾਂ ਬੜੇ ਧਿਆਨ ਨਾਲ ਪੜ੍ਹੋ, ਤਾਕਿ ਸੁਨਣ ਵਾਲੇ ਨੂੰ ਇਹਨਾਂ ਲਗਾਂ ਮਾਤਰਾਂ ਦੀ ਆਵਾਜ਼ ਦਾ ਪਤਾ ਲਗੇ, ਮੇਰੇ ਤੇ ਬੜੀ ਕਿਰਪਾ ਕੀਤੀ।



Sri Satguru Jagjit Singh Ji eLibrary NamdhariElibrary@gmail.com

ਜਦੋਂ ਉਹ ਆਪਣੇ ਘਰ ਦਿਲੀ ਆ ਗਏ, ਮੈਂ ਉਸ ਵੇਲੇ ਵੀ ਉਹਨਾਂ ਪਾਸ ਰਿਹਾ। ਅਖੀਰ ਤੇ ਪਤਾ ਲਗਾ ਚਿਠੀਆਂ ਰਾਹੀਂ ਕਿ ਹੁਣ ਚਿਠੀ ਨਹੀਂ ਲਿਖ ਹੁੰਦੀ ਕਿਉਂਕਿ ਹੱਥ ਕੰਮ ਨਹੀਂ ਪੂਰਾ ਕਰਦੇ, ਕੰਬਦੇ ਹਨ ਪਰ ਉਤਰ ਉਹਨਾਂ ਦੀ ਲੜਕੀ ਨੇ ਲਿਖ ਕੇ ਸਾਰੀ ਹਾਲਤ ਭੇਜੀ। ਫੇਰ ਪਤਾ ਲਗਾ ਕਿ ਸ੍ਰੀ ਭੈਣੀ ਸਾਹਿਬ ਸਤਿਗੁਰੂ ਜੀ ਲੈ ਗਏ ਹਨ। ਉਥੇ ਉਹਨਾਂ ਦੀ ਦੇਖ ਭਾਲ ਅਤੇ ਇਲਾਜ ਪੂਰੀ ਤਰ੍ਹਾਂ ਹੁੰਦਾ ਰਿਹਾ। ਉਹ ਆਪਣੇ ਆਪਣੇ ਮਿਥੇ ਹੋਏ ਨਿਸ਼ਾਨੇ ਪੂਰੇ ਕਰ ਕੇ ਚਲੇ ਗਏ ਹਨ। ਉਹਨਾਂ ਦੀ ਪਤਨੀ ਗੁਰਬਚਨ ਕੌਰ ਹਮੇਸ਼ਾ ਉਹਨਾਂ ਦੇ ਨਾਲ ਹੀ ਰਹੀ।

ਅਖੀਰ ਤੇ ਮੈਂ ਪਰਿਵਾਰ ਸਮੇਤ ਤਹਿ ਦਿਲੋਂ ਕਵੀ ਜੀ ਨੂੰ ਜਿਹੜੇ ਕਿ ਮਹਾਂਪੁਰਸ਼ ਸਨ ਨੂੰ ਸ਼ਰਧਾਂਜਲੀ ਭੇਟ ਕਰਦਾ ਹਾਂ। ਕਵੀ ਜੀ ਜਿਥੇ ਵੀ ਗਏ ਹਨ ਉਥੇ ਹੀ ਪਰ ਉਪਕਾਰ ਹੀ ਕਰਣਗੇ। ਇਕ ਵਾਰੀ ਫੇਰ ਆਪਣੇ ਪਿਆਰੇ ਮਿਤਰ ਕਵੀ ਜੀ ਨੂੰ ਸ਼ਰਧਾਂਜਲੀ ਦਿੰਦਾ ਹੋਇਆ, ਸਤਿਗੁਰੂ ਜੀ ਦੇ ਚਰਨਾਂ ਵਿੱਚ ਅਰਦਾਸ ਕਰਦਾ ਹਾਂ ਕਿ ਕਵੀ ਜੀ ਦੀ ਆਤਮਾ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ਣ ਅਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਅਤੇ ਉਹਨਾਂ ਦੇ ਬੱਚਿਆਂ ਨੂੰ ਚੜ੍ਹਦੀਆਂ ਕਲਾਂ ਬਖਸ਼ਣ।

**—ਕੇ. ਐਸ. ਭਮਰਾ**

***ਮੇਡਨ ਹੈਡ ਯੂ. ਕੇ***

---

## ਟ੍ਰੈਜਿਡੀ ਦਰ ਟ੍ਰੈਜਿਡੀ

'ਵਰਿਆਮ' ਵਿੱਚ ਸਰਦਾਰ ਹਰਬੰਸ ਸਿੰਘ 'ਦੋਸ਼ੀ' ਜੀ ਦਾ ਖਤ ਪੜ੍ਹ ਕੇ ਅਜਿਹੀ ਭੁਆਟਣੀ ਖਾਧੀ ਕਿ ਸਿਰ ਫੜ ਕੇ ਬੈਠਣਾ ਪਿਆ। ਦੋਸ਼ੀ ਹੋਰਾਂ ਨੇ ਜ਼ਿੰਦਗੀ ਭਰ ਦੁੱਖਾਂ, ਕਸ਼ਟਾਂ ਅਤੇ ਸਦਮਿਆਂ ਨਾਲ ਆਢਾ ਲਾਇਆ ਹੈ, ਪਰ ਕਦੇ ਡੋਲੇ ਨਹੀਂ। ਬਲਵਿੰਦਰ ਦੀ ਮੌਤ ਦਾ ਸਦਮਾ ਅਸਹਿ ਹੈ ਸਤਿਗੁਰੂ ਮਿਹਰ ਕਰੇ ਉਹਨਾਂ ਨੂੰ ਡੋਲਣ ਤੋਂ ਬਚਾਵੇ।

ਹਰਬੰਸ ਸਿੰਘ ਦੋਸ਼ੀ—ਪਰ ਉਹ ਸਾਰੀ ਉਮਰ ਨਿਰਦੋਸ਼ ਰਹੇ। ਇਸ ਵਿੱਚ ਕਿਸੇ ਸ਼ੱਕ ਦੀ ਗੁੰਜਾਇਸ਼ ਨਹੀਂ ਹੈ। ਇਹ ਸਭ ਨਾਮਧਾਰੀ ਪਰੰਪਰਾਗਤ ਸੇਵਾ ਭਾਵ, ਦੂਜਿਆਂ ਦੇ ਕੰਮ ਆਉਣ ਦੀ ਭਾਵਨਾ ਅਤੇ ਵੱਡੇ ਤੋਂ ਵੱਡੇ ਸਦਮੇ ਨੂੰ ਹੱਸ ਕੇ ਸਹਿ ਜਾਣ ਦਾ ਸਾਹਸ ਵਿਰਲੇ ਲੋਕਾਂ ਵਿੱਚ ਦੇਖਣ ਨੂੰ ਮਿਲਦਾ ਹੈ, ਪਰ ਹਰਬੰਸ ਸਿੰਘ ਦੋਸ਼ੀ ਨੇ ਜੀਵਨ ਭਰ ਇਸ ਸਾਹਸ ਦਾ ਸਾਥ ਨਹੀਂ ਛੱਡਿਆ।

ਪਰ ਉਹਨਾਂ ਦੇ ਸਪੁੱਤਰ ਬਲਵਿੰਦਰ ਸਿੰਘ ਦੀ ਮਿਰਤੂ ਨੇ ਜ਼ਰੂਰ ਉਹਨਾਂ ਨੂੰ ਡੁਲਾ ਦਿੱਤਾ ਹੈ।

ਦੋਸ਼ੀ ਜੀ ਨਾਲ ਮੇਰੇ ਅੱਧੀ ਸਦੀ ਤੋਂ ਵੱਧ ਸਮੇਂ ਦੇ ਸੰਬੰਧ ਹਨ। ਦੇਸ਼ ਵੰਡ ਤੋਂ ਪਹਿਲਾਂ ਸੰਤ ਇੰਦਰ ਸਿੰਘ ਚਕ੍ਰਵਰਤੀ ਨਾਲ ਜਦੋਂ ਵੀ ਮੈਨੂੰ ਲਖਨਊ ਜਾਣ ਦਾ ਮੌਕਾ ਮਿਲਿਆ ਤਾਂ ਹਰਬੰਸ ਸਿੰਘ ਦੋਸ਼ੀ ਮੋਹਰੇ ਹੋ ਕੇ ਮਿਲਦੇ ਰਹੇ ਅਤੇ ਲਖਨਊ ਘੁੰਮਾਉਂਦੇ ਰਹੇ।

ਦੇਸ਼ ਵੰਡ ਤੋਂ ਬਾਅਦ ਤਾਂ ਇਹ ਸਬੰਧ ਹੋਰ ਵੀ ਗੂੜ੍ਹਾ ਹੋ ਗਿਆ। ਜਦੋਂ ਮੈਨੂੰ ਕਿਸੇ ਰਾਜਨੀਤਕ ਮਾਮਲੇ ਵਿੱਚ ਫਰਾਰੀ ਦੇ ਦੌਰਾਨ ਉਹਨਾਂ ਦੇ ਲਖਨਊ ਵਿਚਲੇ ਘਰ ਇਕ ਮਹੀਨਾ ਟਿਕਣਾ ਪੈ ਗਿਆ।

ਉਸ ਤੋਂ ਬਾਅਦ ਸਪੰਰਕ ਟੁੱਟ ਗਿਆ ਪਰ ਜੁੜਿਆ ਉਦੋਂ ਜਦੋਂ ੧੯੭੯ ਨੂੰ ਲਖਨਊ ਵਿੱਚ ਆਯੋਜਿਤ ਸਤਿਗੁਰੂ ਪ੍ਰਤਾਪ ਸਿੰਘ ਸਿਮ੍ਰਤੀ ਸੰਗੀਤ ਸੰਮੇਲਨ ਸਮੇਂ ਮੈਂ ਸਵਰਗੀ ਮਿਤਰ ਪ੍ਰੀਤਮ ਸਿੰਘ ਕਵੀ ਅਤੇ ਜਗਦੀਸ਼ ਸਿੰਘ ਜੀ 'ਵਰਿਆਮ' ਹੁਰਾਂ ਨਾਲ ਲਖਨਊ ਗਿਆ। ਦੋਸ਼ੀ ਜੀ ਤੀਹ ਵਰ੍ਹੇ ਬਾਅਦ ਇਸ ਤਰ੍ਹਾਂ ਮਿਲੇ, ਜਿਸ ਤਰ੍ਹਾਂ ਕਦੇ ਵਿਛੜੇ ਹੀ ਨਾ ਹੋਣ।

ਉਦੋਂ ਪਤਾ ਲਗਿਆ ਹਰਬੰਸ ਸਿੰਘ ਦੋਸ਼ੀ ਪਿਛਲੇ ਵਰ੍ਹਿਆਂ ਵਿੱਚ ਟ੍ਰੈਜਿਡੀ ਦਰ ਟ੍ਰੈਜਿਡੀ ਦਾ ਸ਼ਿਕਾਰ ਹੁੰਦੇ ਆਏ ਹਨ ਪਰ ਅਡੋਲ ਰਹੇ ਹਨ ਅਤੇ ਸਭ ਕੁਝ ਭਾਣਾ ਸਮਝਕੇ ਮੰਨਿਆ ਹੈ। ਪਹਿਲਾਂ ਉਹਨਾਂ ਦੇ ਪਿਤਾ ਠੇਕੇਦਾਰੀ ਵਿੱਚ ਘਾਟਾ ਖਾ ਕੇ ਇਕ ਛੋਟੀ ਜਿਹੀ ਕਾਰਪੈਂਟਰੀ ਦੀ ਦੁਕਾਨ ਤੱਕ ਸੀਮਤ ਹੋ ਕੇ ਰਹਿ ਗਏ। ਫਿਰ ਪਿਤਾ ਦਾ ਸਾਇਆ ਸਿਰ ਤੋਂ ਉਠ ਗਿਆ। ਛੋਟਾ ਭਰਾ ਤੇ ਭਰਜਾਈ ਵੀ ਛੋਟੇ ਛੋਟੇ ਬੱਚੇ ਛੱਡ ਕੇ ਚੱਲ ਵਸੇ।

ਹਰਬੰਸ ਸਿੰਘ ਦੋਸ਼ੀ ਹੁਰਾਂ ਤੇ ਸਾਰੇ ਪਰਿਵਾਰ ਦਾ ਬੋਝ ਆ ਗਿਆ। ਉਹਨਾਂ ਨੇ ਹਿੰਮਤ ਨਹੀਂ ਛੱਡੀ। ਨੌਕਰੀ ਕਰਕੇ ਬਚਿਆਂ ਨੂੰ ਪਾਲਿਆ। ਵੱਡੇ ਹੋਏ ਤਾਂ ਸ. ਹਰਭਜਨ ਸਿੰਘ ਹੋਰਾਂ ਨਾਲ ਠੇਕੇਦਾਰੀ ਵਿੱਚ ਭਾਈਵਾਲ ਬਣ ਗਏ। ਸੌਖੇ ਹੋ ਗਏ। ਪਰ ਔਖ ਤਾਂ ਉਹਨਾਂ ਨੇ ਆਪਣੇ ਸੰਘਰਸ਼ ਦੇ ਦਿਨਾਂ ਵਿੱਚ ਵੀ ਕਦੇ ਮਹਿਸੂਸ ਨਹੀਂ ਸੀ ਕੀਤੀ।

ਹੁਣ ਜੋ ਭਾਣਾ ਵਰਤ ਗਿਆ ਹੈ, ਉਹ ਅਸਹਿ ਹੈ। ਆਖਰ ਮਨੁੱਖ ਤਾਂ ਮਨੁੱਖ ਹੀ ਹੈ। ਉਸਦੀਆਂ ਵੀ ਆਪਣੀਆਂ ਸੀਮਾਵਾਂ ਹੁੰਦੀਆਂ ਹਨ ਪਰ ਉਹਨਾਂ ਕੋਲ ਉਹਨਾਂ ਦੇ ਸਤਿਗੁਰੂ ਦੀ ਓਟ ਹੈ।

ਮੈਨੂੰ ਸਮਝ ਨਹੀਂ ਆਰ ਰਹੀ ਕਿ ਮੈਂ ਕਿਹਨਾਂ ਸ਼ਬਦਾਂ



Sri Satguru Jagjit Singh Ji eLibrary NamdhariElibrary@gmail.com

ਨਾਲ ਆਪਣੇ ਦੋਸਤ ਨੂੰ ਧੀਰਜ ਬੰਨ੍ਹਾਵਾਂ। ਜਦੋਂ ਕਿ ਲੱਗਦਾ ਹੈ, ਜਿਵੇਂ ਸ਼ਬਦਾਂ ਦਾ ਜ਼ਖੀਰਾ ਹੀ ਖਤਮ ਹੋ ਗਿਆ ਹੋਵੇ।

*—ਪ੍ਰੀਤਮ ਸਿੰਘ ਪੰਛੀ*
*ਨੋਇਡਾ ਦਿੱਲੀ*

---

ਕਿਉਂ ਨਹੀਂ ਵਰ੍ਹੀਆਂ..... ਪਰ ਸਾਡੇ ਤੇ ਅਖ਼ੀਰ ਵਰ੍ਹ ਈ ਪਈਆਂ ਨੇਂ

ਵਾਹ ਜੀ! ਕਿਆ ਬਾਤਾਂ ਨੇ, ਸੁਖਵੰਤ ਦੀਆਂ ਜਿਵੇਂ 'ਨਾਗਮਣੀ' ਤੇ ਅੰਮ੍ਰਿਤਾ ਨੂੰ ਇਮਰੋਜ਼ ਮਟਕਾਂਦਾ ਸੀ ਤਿਵੇਂ ਸੁਖਵੰਤ ਜ਼ਿੰਮੇ 'ਵਰਿਆਮ' ਸ਼ਿੰਗਾਰਨਾ ਲਾਜ਼ਮੀ ਹੋ ਗਿਐ ਸ਼ਾਲਾ! ਇਹ ਸਾਥ ਸਦੀਵੀ ਬਣਿਆ ਰਹੇ।

ਮੈਂ ੫.੮ ਨੂੰ ਚਿੱਠੀਆਂ ਲਿਖੀਆਂ ਪਤੇ ਬਦਲਣ ਬਾਰੇ ਅਤੇ ੧੨.੮ ਨੂੰ 'ਵਰਿਆਮ' ਠਾਹ ਕਰਦਾ ਮੇਰੀ ਝੋਲੀ 'ਚ ਆ ਡਿੱਗਾ, ਧੰਨਵਾਦ

ਮੈਂ ਤਾਂ ਬਸ ਲਿਖਦਿਆਂ, ਬਸ ਰੌਂ ਵਿੱਚ ਹੀ ਕਿਸਾਨ ਬਦਾਯੂਨੀ ਲਿਖ ਗਿਆ। ਜਦੋਂ ਬਾਹਰ ਪਤੇ ਤੇ ਲਿਖਿਆ, ਪੜ੍ਹਿਆ, ਜਚਿਆ ਜਿਹਾ ਨਹੀਂ

ਕਿਸਾਨ ਕੌੜਾ ਜੈ ਕਰਨ ਵੀ ਨਹੀਂ ਸੀ ਮਨ ਲੱਗਾ

ਮੈਂ ਤਾ ਕੱਲਾਂ ਕਿਸਾਨ ਹੀ ਠੀਕ ਹਾਂ ਅੱਜੇ ਕੀ ਪਤਾ ਹੋਰ ਕਿਹੜੀ ਕਿਹੜੀ ਧਰਤੀ ਤਾਰਨੀ ਪੈ ਜਾਵੇ ਫਿਰ ਕਿੰਨੇ ਕੁ ਉਪ ਬਦਲਦੇ ਰਹਾਂਗੇ।

'ਵਰਿਆਮ' ਦੇ ਸਾਰੇ ਸਟਾਫ਼ ਖਾਸ ਕਰਕੇ ਮਾਧੋਪੁਰੀ ਨੂੰ ਬਰਸਾਤ ਦੀ ਫੁਹਾਰ ਚੋਂ ਸੁਹਾਣੀ ਯਾਦ,

੧੩-੦੮-੨੦੦੨ *—ਕਿਸਾਨ (ਸਾਧੂ ਸਿੰਘ)*
*ਬਦਾਯੂੰ (ਯੂ. ਪੀ.)*

---

ਅਗਸਤ ਦਾ 'ਵਰਿਆਮ' ਪਰਚਾ ਮਿਲਿਆ। ਬਹੁਤ ਹੀ ਦਿਲਕਸ਼ ਗਿਆਨ ਭਰਪੂਰ ਰਚਨਾਵਾਂ ਸਹਿਤ ਸਮੇਂ ਦੀ ਪੁਕਾਰ ਦਰਸਾਉਂਦਾ ਟਾਈਟਲ ਅਤੇ ਕਾਵਿ-ਬੰਦ ਸੁੰਦਰਤਾ ਨੂੰ ਚਾਰ-ਚੰਦ ਲਾ ਰਿਹਾ ਹੈ। ਵਧਾਈ ਭੇਜਦਾ ਹਾਂ। 'ਸੰਤ ਇੰਦਰ ਸਿੰਘ ਚਕਰਵਰਤੀ' ਦਾ ਲੇਖ ਨਵਾਂ ਇਤਿਹਾਸ ਸਿਰਜ ਰਿਹਾ ਹੈ।

ਧੰਨਵਾਦੀ ਹਾਂ ਤੁਸੀਂ ਪ੍ਰਤੀਕਿਰਿਆਂ ਕਾਲਮ 'ਚ ਮੇਰੇ ਵੱਲੋਂ ਨਿੱਘੀ ਯਾਦ ਵਾਲਾ ਕਵੀ ਜੀ ਬਾਰੇ ਖਤ ਛਾਪਿਆ।

*—ਲਾਲ ਸਿੰਘ ਕਲਸੀ*
*88-ਆਦਰਸ਼ ਨਗਰ*
*ਫਰੀਦਕੋਟ*

## ਸੱਭਿਆਚਾਰਕ ਵਿਕਾਸ ਮੰਚ

**ਲੁਧਿਆਣਾ, ਫੋਨ : ੦੧੬੧-੩੦੭੫੪੮, ਫੈਕਸ : ੪੯੨੬੦੪**

ਜਿਵੇਂ ਕਿ ਆਪ ਜੀ ਨੂੰ ਪਤਾ ਹੀ ਹੈ ਕਿ ਪਿਛਲੇ ੩੦ ਸਾਲਾਂ ਤੋਂ ਅਸੀਂ ਪੰਜਾਬੀ ਸਾਹਿੱਤ, ਸਭਿਆਚਾਰ ਅਤੇ ਪੰਜਾਬੀ ਭਾਸ਼ਾ ਨੂੰ ਸੰਭਾਲਣ ਦੇ ਯਤਨ ਕਰ ਰਹੇ ਹਾਂ। ਪਿਛਲੇ ਸਮੇਂ ਵਿੱਚ ਅਸੀਂ 20 ਦੇ ਕਰੀਬ ਲੇਖਕਾਂ ਦੀ ਰਚਨਾ ਪ੍ਰਕ੍ਰਿਆ ਤੇ ਵੀਡਿਓ ਬਣਾਈਆਂ ਹਨ। ਇਸੇ ਲੜੀ ਵਿੱਚ ਅਸੀਂ ਪੰਜਾਬੀ ਦੇ ਕੁਝ ਕਵੀਆਂ ਨੂੰ ਉਨ੍ਹਾਂ ਦੀ ਅਵਾਜ਼ ਤੇ ਅੰਦਾਜ਼ ਵਿੱਚ ਆਡੀਓ ਰਿਕਾਰਡ ਕਰਕੇ ਸਾਂਭਣ ਦਾ ਉਪਰਾਲਾ ਕੀਤਾ ਸੀ। ਇਸ ਯਤਨ ਨੂੰ ਬਹੁਤ ਹੀ ਉਤਸ਼ਾਹ ਭਰਿਆ ਹੁੰਗਾਰਾ ਮਿਲਿਆ ਹੈ। ਇਸੇ ਗੱਲ ਤੋਂ ਉਤਸ਼ਾਹਤ ਹੋ ਕੇ ਅਸੀਂ ਚਾਹੁੰਦੇ ਹਾਂ ਕਿ ਪੰਜਾਬੀ ਦੇ ਹਰ ਕਵੀ ਨੂੰ ਉਸਦੀ ਅਵਾਜ਼ ਤੇ ਅੰਦਾਜ਼ ਵਿੱਚ ਰਿਕਾਰਡ ਕੀਤਾ ਜਾਵੇ। ਕੀ ਪਤਾ ਕਲ ਨੂੰ ਕੌਣ, ਵਾਰਿਸ ਜਾਂ ਸ਼ਿਵ ਬਣ ਨਿਕਲੇ, ਇਸ ਕੰਮ ਲਈ ਤੁਹਾਡੀ ਸਭਾ ਵੱਲੋਂ ਸਹਿਯੋਗ ਦੀ ਲੋੜ ਹੈ। ਰਿਕਾਰਡ ਕਰਨ ਉਪਰੰਤ ਸੀ. ਡੀ. ਤਿਆਰ ਕੀਤੀ ਜਾਵੇਗੀ ਅਤੇ ਜਿਸ ਤੋਂ ਅਗੇ ਕੈਸਟਾਂ ਵੀ ਬਣ ਸਕਦੀਆਂ ਹਨ। ਆਪਜੀ ਨੂੰ ਪਤਾ ਹੀ ਹੋਵੇਗਾ ਕਿ ਇਸ ਸਾਰੇ ਕੁਝ ਨੂੰ ਕਰਨ ਲਈ ਬੇ-ਹਿਸਾਬ ਪੈਸਾ ਖਰਚ ਹੁੰਦਾ ਹੈ ਪਰ ਇਸ ਦੇ ਲਈ ਅਸੀਂ ਕੁਝ ਇਹੋ ਜਿਹਾ ਇੰਤਜ਼ਾਮ ਕੀਤਾ ਹੈ ਕਿ ਉਹ ਸਸਤਾ ਤੇ ਛੇਤੀ ਹੋ ਸਕੇ। ਤੁਹਾਡੇ ਵਲੋਂ ਇਸ ਕੰਮ ਲਈ ਪ੍ਰਤੀ ਕਵੀ ਸਿਰਫ ੫੦੦ ਰੁਪਏ ਦਾ ਹੀ ਯੋਗਦਾਨ ਹੋਵੇਗਾ। ਬਾਕੀ ਪੈਸੇ ਅਸੀਂ ਖਰਚਾਂਗੇ ਅਤੇ ਹਰ ਕਵੀ ਨੂੰ ਪੰਜ ਸੀਡੀਆਂ ਦਿੱਤੀਆਂ ਜਾਣਗੀਆਂ। ਇਹ ਸੀ. ਡੀ. ਕਿਹੋ ਜਿਹੀ ਹੋਵੇਗੀ ਇਸਦਾ ਨਮੂਨਾ ਲੈਣ ਲਈ ਤੁਸੀਂ ੧੦੦/- ਰੁਪਿਆ ਭੇਜ ਕੇ ਸੈਂਪਲ ਸੀ. ਡੀ. ਮੰਗਵਾ ਸਕਦੇ ਹੋ ਜਿਸ ਵਿੱਚ ਹੇਠ ਲਿਖੇ 22 ਕਵੀ ਸ਼ਾਮਲ ਹਨ :

ਤ੍ਰਲੋਚਨ ਲੋਚੀ, ਸੁਖਵਿੰਦਰ ਅੰਮ੍ਰਿਤ, ਗੁਰਭਜਨ ਗਿੱਲ, ਗੁਰਦਿਆਲ ਰੌਸ਼ਨ, ਚਰਨਜੀਤ ਬੈਂਸ, ਸਵਰਨ ਸਿੰਘ ਖਹਿਰਾ, ਰਵਿੰਦਰ ਭੱਠਲ, ਦਾਨ ਸਿੰਘ ਕੋਮਲ, ਦਰਸ਼ਨ ਕੌਰ ਗਿੱਲ, ਜਨਮੇਜਾ ਸਿੰਘ ਜੌਹਲ, ਕੁਲਵੰਤ ਜਗਰਾਓਂਸ, ਤੀਰਥ ਸਿੰਘ ਗਿੱਲ, ਚਮਨ ਲਾਲ ਸੁੱਖੀ, ਸੁਖਵਿੰਦਰ ਰਾਮਪੁਰੀ, ਮਹਿੰਦਰਦੀਪ ਗਰੇਵਾਲ, ਪਰਮਜੀਤ ਸੋਹਲ, ਪਵਨਦੀਪ ਖੰਨਾ, ਸੁਰਜੀਤ ਪਾਤਰ, ਕਰਤਾਰ ਸਿੰਘ ਕਾਲੜਾ, ਸਤੀਸ਼ ਗੁਲਾਟੀ, ਹਰਬੰਸ ਮਾਲਵਾ, ਜਸਵੰਤ ਜ਼ਫਰ।

ਤੁਸੀਂ ਹੇਠ ਲਿਖੇ ਪਤੇ ਉਪਰ ਸਾਡੇ ਨਾਲ ਸੰਪਰਕ ਕਰ ਸਕਦੇ ਹੋ ।

**ਹਰਮਿੰਦਰ ਮਲਿਕ**
ਪ੍ਰਧਾਨ
ਸਭਿਆਚਾਰਕ ਵਿਕਾਸ ਮੰਚ
39-ਏ, ਮਾਡਲ ਹਾਊਸ,
ਲੁਧਿਆਣਾ, ਫੋਨ : 307548

**ਜਨਮੇਜਾ ਜੌਹਲ**
ਤਕਨੀਕੀ ਡਾਇਰੈਕਟਰ
2920-ਗੁਰਦੇਵ ਨਗਰ, ਲੁਧਿਆਣਾ
ਫੋਨ : 0161-426246



Sri Satguru Jagjit Singh Ji eLibrary NamdhariElibrary@gmail.com

੧ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਨਵੇਂ ਨਵੇਂ ਵੰਨ-ਸੁਵੰਨੇ ਡਿਜ਼ਾਈਨਾਂ ਵਿਚ ਤਿਆਰ ਕੀਤੇ ਹੋਏ

ਚਮਕਦਾਰ ਅਤੇ ਪੱਕੇ ਰੰਗਾਂ ਵਾਲੇ

**ਫ਼ਰਸ਼ੀ ਦਰੀਆਂ ਅਤੇ ਗ਼ਲੀਚੇ**

ਨਿਰਮਾਤਾ :

# ਨਾਮਧਾਰੀ ਸੇਲਜ਼

੧੦੨੪੦/੫੪ ਲਾਇਬ੍ਰੇਰੀ ਰੋਡ, ਆਜ਼ਾਦ ਮਾਰਕੀਟ, ਦਿੱਲੀ—੧੧੦੦੦੬

**Furshi Durries & Carpets**

*in Bright & Fast Colours*

*Manufactuers :*

# Namdhari Sales

10240/54, Library Road, Azad Market, Delhi-11006




Sri Satguru Jagjit Singh Ji eLibrary NamdhariElibrary@gmail.com

*Our Motto : Best Quality of the Day*

## *High Class Gun Manufacturers*

## Single & Double Barrels



# 12-Bore GUNS

## Free India Gun Manufacturers

**Prop. S. KARTAR SINGH (Jammu-Wale)**

6, Industrial Estate, Ashok Nagar,
JAMMU CANTT-3
Ph. : 433810

*Sister Concern :*

**M/S. KARTAR SINGH**
**ARMS & AMMUNITION DEALERS**




Sri Satguru Jagjit Singh Ji eLibrary NamdhariElibrary@gmail.com

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

# ਬੀ. ਬੀ. ਐਲ. ਫੂਡਜ਼ ਪ੍ਰਾਈਵੇਟ ਲਿਮਿਟਡ

ਸੰਤੋਸ਼ ਨਗਰ X ਰੋਡਜ਼, ਹੈਦਰਾਬਾਦ-500 059

- ਬਿਸਕੁਟ ਬਨਾਉਣ ਦੀਆਂ ਆਟੋਮੈਟਿਕ ਮਸ਼ੀਨਾਂ
- ਵੈ.ਫਰ ਬਨਾਉਣ ਵਾਲੀਆਂ ਆਟੋਮੈਟਿਕ ਮਸ਼ੀਨਾਂ

ਅਤੇ

ਵਧੀਆ ਬਿਸਕੁਟ ਬਨਾਉਣ ਵਾਲੀ ਹਿੰਦੋਸਤਾਨ ਦੀ ਪਹਿਲੀ ਕੰਪਨੀ

BBL
FOODS PVT. LTD.

*Pioneer Manufacturer in India of*

- Automatic machines for producing Biscuits
- Automatic machines for producing Wafers

and
Makers of High Quality Biscuits

## BBL FOODS PVT. LTD.

**Santosh Nagar (X) Roads, Hyderabad-500 059 (india)**

**Ph. : +91-40-4530680.82.84 Fax : +91-40-4530475**
**E-mail : amber@hd1.vsnl.net.in**

*Balvinder Pal Singh*
Managing Director

*Lakhbir Singh*
Director

*Bakhshish Singh Muchhal*
Director

Registered No. PB/JL-(0165)/2002 MONTHLY WARIAM Ladowali Road, Jalandhar-144 001
Regd. RNI No. 26453/75 September 2002









NS

# NAMDHARI SEEDS

*ਤੁਹਾਡੀ ਖੁਸ਼ਹਾਲੀ ਦਾ ਰਾਜ਼*

## "ਨਾਮਧਾਰੀ ਸੀਡਜ਼"

### ਦੇ ਉੱਤਮ ਹਾਈਬਰੀਡ ਬੀਜ ਹਮੇਸ਼ਾ ਵਰਤੋ

**ਟਮਾਟਰ** : N.S. 815, ਉਤਸਵ ਅਤੇ ਅਮੋਘ

**ਫੁੱਲ ਗੋਭੀ** : N.S. 60, N.S. 84 ਅਤੇ N.S. 90

**ਭਿੰਡੀ** : ਅਰਕਾ ਅਨਾਮਿਕਾ

**ਤਰਬੂਜ਼** : N.S. 295 (ਸਮਰ ਸਵੀਟ) N.S. 246

**ਖਰਬੂਜਾ** : N.S. 7455 ਅਤੇ ਅਭਿਜੀਤ

**ਲੌਕੀ (ਘੀਆ)** : ਕਾਵੇਰੀ

**ਤੋਰਈ** : ਸੰਜੀਵਨੀ ਅਤੇ ਹੋਰ ਬਹੁਤ ਕੁਝ

*ਵਧੇਰੇ ਜਾਣਕਾਰੀ ਲਈ ਸੰਪਰਕ ਕਰੋ :*

## ਨਾਮਧਾਰੀ ਸੀਡਜ਼ ਪ੍ਰਾ. ਲਿ.

Head Office :

**Namdhari Seeds Pvt. Ltd.**
**Bidadi, Bangalore (India)**

Tel. : 080-72 82 653
72 82 654
City Office : 080-8602167
Fax : 080-8602168

***ਰੀਜਨਲ ਆਫਿਸ :***

**ਪਿੰਡ ਰਾਈਆਂ, ਕੁਹਾੜਾ-ਮਾਛੀਵਾੜਾ ਰੋਡ,**
**ਜ਼ਿਲ੍ਹਾ ਲੁਧਿਆਣਾ।**

ਫੋਨ : 0161-834036, 834420
ਮੋਬਾਈਲ : 98141-33109

ਐਡੀਟਰ, ਪ੍ਰਿੰਟਰ ਪਬਲਿਸ਼ਰ ਤੇ ਮਾਲਕ ਜਗਦੀਸ਼ ਸਿੰਘ ਨੇ ਨਾਮਧਾਰੀ ਪ੍ਰਿੰਟਰਜ਼, ਲਾਡੋਵਾਲੀ ਰੋਡ, ਜਲੰਧਰ ਤੋਂ ਪ੍ਰਕਾਸ਼ਿਤ ਕੀਤਾ।
ਫੋਨ : 222543, ਨਿਵਾਸ ; 456289

Sri Satguru Jagjit Singh Ji eLibrary NamdhariElibrary@gmail.com